# ਅਮਨ ਦੀ ਘੁੱਗੀ

(ਗ਼ਜ਼ਲ ਸੰਗ੍ਰਹਿ)

ਕੁਲਬੀਰ ਸੱਗੂ

ਪ੍ਰੇਰਨਾ ਪ੍ਰਕਾਸ਼ਨ

ਅੰਮ੍ਰਿਤਸਰ।

**ਅਮਨ ਦੀ ਘੁੱਗੀ** (ਗ਼ਜ਼ਲ ਸੰਗ੍ਰਹਿ)

***ਲੇਖਕ*** : ਕੁਲਬੀਰ ਸੱਗੂ
ਬੀ–I / 293
ਕਾਹਨੂੰਵਾਨ ਰੋਡ, ਬਟਾਲਾ
ਮੋਬਾਈਲ : 98726–95039
e-mail: kulbirbtl@yahoo.com
facebook id: Kulbir Saggu Batala

© ਲੇਖਕ

***ਪਹਿਲੀ ਵਾਰ*** : 2012

***ਪ੍ਰਕਾਸ਼ਕ*** : ਪ੍ਰੇਰਣਾ ਪ੍ਰਕਾਸ਼ਨ, ਅੰਮ੍ਰਿਤਸਰ।

***ਛਾਪਕ*** : ਐਸ. ਕੇ. ਪ੍ਰਿੰਟਰਜ਼, ਅੰਮ੍ਰਿਤਸਰ।

***ਮੁੱਲ*** : 100 ਰੁਪਏ

***ਟਾਈਪ ਸੈਟਿੰਗ*** : ਸ਼ਰਮਾ ਗ੍ਰਾਫ਼ਿਕਸ, ਅੰਮ੍ਰਿਤਸਰ। ਫੋਨ : 98763–33761

---

AMAN DI GHUGEE — A collection of Gazals by Kulbir Saggu and Published by Prerna Prakashan, Amritsar.

# ਸਮਰਪਣ

*ਹਨੇਰਿਆਂ ਵਿਰੁੱਧ ਜੂਝ ਰਹੀਆਂ*
*ਸਭ ਨਿਰਸਵਾਰਥ ਤਾਕਤਾਂ ਦੇ ਨਾਂ*

# ਸਪਸ਼ਟ ਤੇ ਸਾਰਥਿਕ ਸੁਨੇਹਾ ਸੰਚਾਰਿਤ ਕਰਦੀ ਹੈ "ਅਮਨ ਦੀ ਘੁੱਗੀ"

ਉਚੇਰੀ ਤੇ ਮਨੁੱਖ ਹਿੱਤੂ ਸੋਚ ਦਾ ਮਾਲਕ ਤੇ ਚੰਗੇਰੀ ਜ਼ਿੰਦਗੀ ਦਾ ਆਸ਼ਕ ਕੁਲਬੀਰ ਸੱਗੂ "ਪੰਜਾਬੀ ਲੋਕ ਲਿਖਾਰੀ ਮੰਚ" ਬਟਾਲਾ ਦਾ ਇਕ ਕ੍ਰਿਆਸ਼ੀਲ ਮੈਂਬਰ ਹੈ। ਉਹ ਬੇਹੱਦ ਸਾਊ, ਸਹਿਜ ਤੇ ਸਲੀਕੇ ਵਾਲਾ ਵਿਅਕਤੀ ਹੈ। ਉਹ ਘੱਟ ਬੋਲਦਾ ਤੇ ਲਿਖਦਾ ਹੈ, ਪਰ ਜੋ ਬੋਲਦਾ ਤੇ ਲਿਖਦਾ ਹੈ, ਉਹ ਬੇਹੱਦ ਸਰਲ, ਸਪਸ਼ਟ ਅਤੇ ਤਰਕ ਦੀ ਕਸੌਟੀ 'ਤੇ ਖ਼ਰਾ ਉਤਰਨ ਵਾਲਾ ਹੁੰਦਾ ਹੈ। ਉਸ ਨੂੰ ਗਿਆਨ ਦੀ ਅਥਾਹ ਭੁੱਖ ਹੈ। ਇਸ ਲਈ ਉਹ ਨਿਰੰਤਰ ਪੜ੍ਹਦਾ ਹੈ ਅਤੇ ਉਸ ਬਾਰੇ ਸੱਜਣਾਂ, ਮਿੱਤਰਾਂ ਨਾਲ ਵਿਚਾਰ-ਚਰਚਾ ਕਰਦਾ ਰਹਿੰਦਾ ਹੈ। ਉਸ ਦੀ ਸੂਚਨਾ ਤੇ ਜਾਣਕਾਰੀ ਦਾ ਘੇਰਾ ਬੜਾ ਵਿਸ਼ਾਲ ਹੈ। ਉਹ ਰਾਜਨੀਤੀ ਤੋਂ ਲੈ ਕੇ ਸੁਰ-ਸੰਗੀਤ ਤੇ ਕਲਾ-ਜਗਤ ਤੱਕ ਜਾਣੂ ਹੈ। ਅਹਿਮ ਤੱਥ ਤੇ ਵੱਡੀਆਂ ਘਟਨਾਵਾਂ ਉਸ ਦੇ ਪੋਟਿਆਂ 'ਤੇ ਹਨ। ਸਭ ਤੋਂ ਵੱਧ ਉਹ ਕਾਦਰ ਦੀ ਕੁਦਰਤ ਤੋਂ ਪ੍ਰਾਪਤ ਬੁੱਧ ਵਿਵੇਕ ਦੇ ਸਹਾਰੇ ਤਰਕ ਦੀ ਕਸੌਟੀ 'ਤੇ ਲਾ ਕੇ ਹਰ ਚੀਜ਼, ਘਟਨਾ ਤੇ ਵਰਤਾਰੇ ਨੂੰ ਵੇਖਦਾ ਹੈ। ਜਿਹੜੀ ਗੱਲ ਤਰਕ (Logic) 'ਤੇ ਖ਼ਰੀ ਨਹੀਂ ਉੱਤਰਦੀ, ਉਸ ਨੂੰ ਉਹ ਦੋ-ਟੁੱਕ ਸ਼ਬਦਾਂ ਵਿਚ ਅਪ੍ਰਵਾਨ ਕਰ ਦਿੰਦਾ ਹੈ। ਇਸ ਤਰ੍ਹਾਂ ਉਹ ਪੂਰੀ ਤਰ੍ਹਾਂ ਤਰਕਸ਼ੀਲ ਤੇ ਵਿਗਿਆਨਕ ਪਹੁੰਚ-ਦ੍ਰਿਸ਼ਟੀ ਦਾ ਧਾਰਨੀ ਹੈ। ਇਹ ਸਾਰਾ ਕੁਝ ਉਸ ਦੁਆਰਾ ਸਿਰਜਤ ਸ਼ਿਅਰਾਂ ਵਿਚ ਸਪਸ਼ਟ ਹੁੰਦਾ ਹੈ।

ਇਹ ਠੀਕ ਹੈ ਕਿ ਰੋਟੀ-ਰੋਜ਼ੀ ਦਾ ਕੋਈ ਸਥਾਈ ਜਾਂ ਪੱਕਾ-ਠੱਕਾ ਵਸੀਲਾ ਨਾ ਹੋਣ ਕਾਰਨ ਉਸ ਨੂੰ ਕਈ ਪਾਪੜ ਵੇਲਣੇ ਪੈ ਰਹੇ ਹਨ। ਇਸ ਤਰ੍ਹਾਂ ਉਸ ਨੂੰ ਗਰਜ਼ਾਂ ਪੂਰੀਆਂ ਕਰਨ ਅਤੇ ਫਰਜ਼ ਨਿਭਾਉਣ ਲਈ ਆਪਣਾ ਕੀਮਤੀ ਸਮਾਂ ਖਰਚ ਕਰਨਾ ਪੈਂਦਾ ਹੈ। ਸਿੱਟੇ ਵਜੋਂ ਉਸ ਪਾਸ ਅਧਿਐਨ ਕਰਨ ਅਤੇ ਸਹਿਜ ਸਿਰਜਣ ਪ੍ਰਕ੍ਰਿਆ ਲਈ ਸਮਾਂ ਬੜਾ ਘੱਟ ਹੈ। ਇਸੇ ਤਰ੍ਹਾਂ ਉਸ ਨੂੰ ਸੁਰ-ਸੰਗੀਤ ਦੀ ਸਮਝ ਹੋਣ ਅਤੇ ਕੁਦਰਤ ਵੱਲੋਂ ਮਿਲੇ ਸੰਗੀਤਕ ਤੰਤੂ ਪ੍ਰਬੰਧਾਂ ਦੇ ਬਾਵਜੂਦ ਮੌਕੇ ਨਾ ਮਿਲਣ ਕਾਰਨ ਉਹ ਚਰਚਿਤ "ਗਾਇਕ" ਨਹੀਂ ਬਣ ਸਕਿਆ। ਪਰ ਉਹ ਚੰਗਾ ਗਾ ਸਕਦਾ ਹੈ।

ਉਹ ਬੀਤੇ ਦੋ-ਤਿੰਨ ਦਹਾਕਿਆਂ ਤੋਂ ਸਾਹਿਤ ਤੇ ਕਲਾ ਨਾਲ ਜੁੜੇ ਹੋਣ ਅਤੇ ਸ਼ਬਦ-ਜੜਤ ਸਾਧਨਾ ਕਰਨ ਦੇ ਬਾਵਜੂਦ ਆਪਣੀ ਸਿਰਜਣਾ ਨੂੰ ਕਿਤਾਬੀ ਰੂਪ ਨਹੀਂ ਦੇ ਰਿਹਾ ਸੀ। ਪਰ ਬੀਤੇ ਕੁਝ ਸਾਲਾਂ ਦੀ ਨਿਰੰਤਰ ਟੁੰਬਣਾ ਕਾਰਨ ਉਸ ਨੇ

**"ਅਮਨ ਦੀ ਘੁੱਗੀ"** ਨਾਂ ਦੀ ਪਲੇਠੀ ਕਾਵਿ-ਸਿਰਜਣਾ ਪੰਜਾਬੀ ਪਾਠਕਾਂ ਦੇ ਸਨਮੁੱਖ ਪੇਸ਼ ਕੀਤੀ ਹੈ। ਮਨੁੱਖ ਦੇ ਮਨ-ਮਸਤਕ ਅਤੇ ਚੌਗਿਰਦੇ 'ਚ ਚੱਲ ਰਹੇ ਇਕ ਬੇਰਹਿਮ ਮੁਕਾਬਲੇ ਤੇ ਯੁੱਧ ਵਿਚ **"ਅਮਨ ਦੀ ਘੁੱਗੀ"** ਆਪਣਾ ਸਾਰਥਿਕ ਯੋਗਦਾਨ ਪਾਏਗੀ। ਅਜਿਹੀ ਮੇਰੀ ਕਾਮਨਾ ਤੇ ਵਿਸ਼ਵਾਸ ਹੈ।

"ਇਸ਼ਕ" ਅਰਬੀ ਜ਼ਬਾਨ ਦਾ ਸ਼ਬਦ ਹੈ, ਜਿਸ ਦੇ ਅਰਥ ਹਨ ਪਿਆਰ, ਪ੍ਰੇਮ, ਪ੍ਰੀਤ, ਮੁਹੱਬਤ, ਨੇਹੁ, ਜਾਨੂੰਨ, ਚਾਹਤ ਤੇ ਉਲਫ਼ਤ ਆਦਿ। ਇਨਸਾਈਕਲੋਪੀਡੀਆ ਆਫ ਬ੍ਰਿਟੈਨਿਕਾ "ਇਸ਼ਕ" ਦੀ ਪਰਿਭਾਸ਼ਾ ਨੂੰ ਦਿਲੀ ਭਾਵਨਾਵਾਂ ਨਾਲ ਜੋੜ ਕੇ ਵੇਖਦਾ ਹੈ। ਦੋ ਵਿਅਕਤੀ ਜਦੋਂ ਇਕ ਦੂਜੇ ਨੂੰ ਪਿਆਰ ਅਤੇ ਭਾਵੁਕ ਖਿੱਚ ਦੀ ਭਾਵਨਾ ਨਾਲ ਮਿਲਦੇ ਹਨ ਤਾਂ ਇਸ ਰਿਸ਼ਤੇ ਨੂੰ ਇਸ਼ਕ ਕਹਿੰਦੇ ਹਨ। ਅਸਲ ਵਿਚ ਪਿਆਰ ਦੋ ਵਿਅਕਤੀਆਂ ਦੀ ਅਜਿਹੀ ਮਾਨਸਿਕ-ਬੌਧਿਕ ਸਥਿਤੀ ਹੈ ਜਿਥੇ ਉਹ ਇਕ ਦੂਸਰੇ ਨੂੰ ਮਿਲਣ ਲਈ ਪ੍ਰਬਲ ਤੇ ਪ੍ਰਵੇਗਿਤ ਤਾਂਘ ਰੱਖਦੇ ਹਨ; ਭਾਵਨਾਵਾਂ ਵਿਸ਼ੇਸ਼ ਸ਼ਿੱਦਤ ਨਾਲ ਉੱਠਦੀਆਂ ਹਨ ਅਤੇ ਮਾਨਸਿਕ-ਸਰੀਰਕ ਬਣਤਰਾਂ ਵਿਚ ਵਿਸ਼ੇਸ਼ ਕਿਸਮ ਦੀ ਰਸਾਇਣਿਕ ਪ੍ਰਕ੍ਰਿਆ ਵਾਪਰਦੀ ਹੈ, ਜਿਸ ਨਾਲ ਆਪਸੀ "ਮਿਲਣੀ" ਦੀ ਤਾਂਘ ਵਧਦੀ ਹੈ। ਉੱਲਟ ਰੂਪ ਵਿਚ ਦੋ ਵਿਅਕਤੀਆਂ ਦੇ ਵਿਛੋੜੇ ਜਾਂ ਆਪਸ 'ਚ ਵਿਛੁੰਨੇ ਜਾਣ 'ਤੇ ਨਿਰਾਸ਼ਤਾ, ਦੁੱਖ ਤੇ ਤੜਪ ਉਤਪੰਨ ਤੇ ਪ੍ਰਾਪਤ ਹੁੰਦੀ ਹੈ।

ਪਿਆਰ ਖੇਤਰ ਦੇ ਚਿੰਤਕਾਂ ਦੀ ਇਹ ਵੀ ਸਮਝਦਾਰੀ ਹੈ ਕਿ ਪਿਆਰ ਦੀ ਰੂਪ-ਰੇਖਾ ਲਈ ਕਿਹੋ ਜਿਹੀ ਭਾਵਨਾ ਹੈ; ਕਿੰਨੀ ਕੁ ਖਿੱਚ ਹੈ, ਕਿਸ ਤਰ੍ਹਾਂ ਦੀ ਨੇੜਤਾ ਹੈ, ਆਪਸੀ ਸਮਝਦਾਰੀ ਦਾ ਪੱਧਰ ਕੀ ਹੈ; ਇਮਾਨਦਾਰੀ, ਸੁਹਿਰਦਤਾ, ਸੰਜੀਦਗੀ ਤੇ ਸ਼ਿੱਦਤ ਕਿੰਨੀ ਕੁ ਹੈ; ਪ੍ਰਤੀਬੱਧਤਾ ਤੇ ਜਾਨੂੰਨ ਦਾ ਲੈਵਲ ਕੀ ਹੈ, ਆਦਿ ਦੇ ਗੁਣ-ਲੱਛਣ ਪਿਆਰ ਦੇ ਰੂਪ ਤੇ ਪ੍ਰਕਾਰਜ ਨੂੰ ਤੈਅ ਕਰਨ ਵਿਚ ਸਹਾਈ ਹੁੰਦੇ ਹਨ। ਪਿਆਰ ਦੇ ਅਨੇਕਾਂ ਰੂਪ ਹਨ: ਦੋਸਤਾਂ ਵਾਲਾ ਪਿਆਰ; ਪਸੰਦ ਆਧਾਰਿਤ ਪਿਆਰ; ਰੁਮਾਂਟਿਕ ਪਿਆਰ; ਆਦਰਸ਼ਵਾਦੀ ਪਿਆਰ; ਦੈਵੀ ਤੇ ਰੂਹਾਨੀ ਪਿਆਰ; ਦੀਵਾਨਗੀ, ਦਿਲਲਗੀ; ਕਾਮੁਕਤਾ ਯੁਕਤ ਪਿਆਰ ਤੇ ਸਰੀਰਕ ਸੰਬੰਧਾਂ ਆਧਾਰਿਤ ਪਿਆਰ ਆਦਿ ਆਦਿ। ਅਸਲ 'ਚ ਕੇਵਲ ਤੇ ਕੇਵਲ ਕਾਮੁਕਤਾ ਤੇ ਲਿੰਗ ਸੰਬੰਧਾਂ 'ਤੇ ਆਧਾਰਿਤ ਪਿਆਰ ਪਾਸ਼ਵਿਕਤਾ ਹੈ ਅਤੇ ਸਰੀਰਾਂ ਦੀ ਕਿਸੇ ਵੀ ਪੱਧਰ 'ਤੇ ਸ਼ਮੂਲੀਅਤ ਤੋਂ ਬਗ਼ੈਰ ਪਿਆਰ ਅਫਲਾਤੂਨੀ, ਹਵਾਈ ਤੇ ਕੇਵਲ ਰੂਹਾਨੀ ਪਿਆਰ ਹੈ।

ਹਰੇਕ ਸੰਸਕ੍ਰਿਤੀ ਦੇ ਲੋਕਾਂ ਨੇ ਇਸ਼ਕ ਦੀ ਪਰਿਭਾਸ਼ਾ ਨੂੰ ਆਪਣੀ-ਆਪਣੀ ਸਮਝ ਅਨੁਸਾਰ ਉਲੀਕਿਆ ਹੈ, ਪਰ ਬਹੁਤੇ ਚਿੰਤਕ ਇਸ਼ਕ ਨੂੰ ਮੁੱਖ ਰੂਪ ਵਿਚ ਦੋ ਕਿਸਮਾਂ 'ਚ ਵੰਡ ਕੇ ਵੇਖਦੇ ਹਨ। ਪਹਿਲਾ ਹੈ ਜਾਨੂੰਨੀ ਜਾਂ ਸ਼ੁੱਧ ਸ਼ਿੱਦਤੀ ਪਿਆਰ,

ਜਿਸ ਵਿਚ ਵਿਅਕਤੀ ਕਿਸੇ ਦੂਜੇ ਨਾਲ ਡੂੰਘੇ ਰੂਪ ਵਿਚ ਜੁੜਿਆ ਮਹਿਸੂਸ ਕਰਦਾ ਹੈ। ਸ਼ਾਇਰਾਂ ਨੇ ਇਸ ਪਿਆਰ ਨੂੰ ਆਮ ਕਰਕੇ ਦੀਵਾਨਗੀ, ਆਸ਼ਕੀ ਜਾਂ ਦਿਲਲਗੀ ਆਦਿ ਸ਼ਬਦਾਂ ਨਾਲ ਪੇਸ਼ ਕੀਤਾ ਹੈ। ਇਸ ਮਨੋ-ਸਰੀਰਕ ਸਥਿਤੀ ਵਿਚ ਪਿਆਰ ਕਰਨ ਵਾਲਿਆਂ ਵਾਸਤੇ ਸ਼ਕਤੀਸ਼ਾਲੀ ਜਜ਼ਬਾਤਾਂ ਦੇ ਵਹਿਣ ਦੀ ਸਥਿਤੀ ਹੰਦੀ ਹੈ। ਅਜਿਹੀ ਸਥਿਤੀ ਵਿਚ ਪ੍ਰੇਮੀ ਜੋੜੇ ਇਸ਼ਕ ਦੀ ਚਰਮ ਸੀਮਾ 'ਤੇ ਵਿਚਰਦੇ ਹਨ। ਇਕ ਦੂਜੇ ਨੂੰ ਮਿਲਣ ਲਈ ਪ੍ਰਬਲ ਤਾਂਘ ਰੱਖਦੇ ਅਤੇ ਪ੍ਰਗਟਾਉਂਦੇ ਹਨ। ਆਪਣੀ ਹੋਂਦ-ਹਸਤੀ ਨੂੰ ਤੀਬਰ ਰੂਪ ਵਿਚ ਇਕ-ਦੂਜੇ ਵਿਚ ਵਿਲੀਨ ਕਰਨਾ ਲੋਚਦੇ ਹਨ। ਉਨ੍ਹਾਂ ਦਾ ਸਮੁੱਚਾ ਕਿਰਦਾਰ ਤੇ ਵਿਵਹਾਰ, ਦੇਹੀ ਦੀਆਂ ਕ੍ਰਿਆਵਾਂ, ਮਨੋਵਿਗਿਆਨਕ ਪ੍ਰਕ੍ਰਿਆਵਾਂ ਕੇਵਲ ਤੇ ਕੇਵਲ ਆਪਣੇ ਪ੍ਰੇਮੀ ਅੰਦਰ ਵਿਲੀਨ ਹੋਣ ਦੀ ਤਾਂਘ ਲੈ ਕੇ ਉਗਮਦੀਆਂ ਤੇ ਉੱਭਰਦੀਆਂ ਹਨ। ਮਿਲਣੀ ਜਾਂ ਇਸ ਦੇ ਅਹਿਸਾਸ ਨਾਲ ਹਕੀਕੀ ਅਨੰਦ ਦੀ ਪੂਰਤੀ, ਤ੍ਰਿਪਤੀ ਤੇ ਸੰਤੁਸ਼ਟੀ ਦੀ ਪ੍ਰਾਪਤੀ ਹੁੰਦੀ ਹੈ। ਇਸ ਦੇ ਉਲਟ ਜਦੋਂ ਪਿਆਰ ਪ੍ਰਾਪਤੀ ਨਹੀਂ ਹੁੰਦੀ ਤਾਂ ਬਿਰਹਾ, ਤੜਪ, ਉਦਾਸੀ, ਗਮੀ, ਨਿਰਾਸ਼ਤਾ ਵਰਗੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਵਿਗਿਆਨੀਆਂ ਦੀ ਸਮਝਦਾਰੀ ਹੈ ਕਿ ਪਿਆਰ-ਪ੍ਰਕ੍ਰਿਆ ਦੌਰਾਨ ਮਨ-ਮਸਤਕ ਆਪਣੀ ਵਿਸ਼ਲੇਸ਼ਣੀ ਪਹੁੰਚ ਤਜ-ਤਿਆਗ ਦਿੰਦਾ ਹੈ ਅਤੇ ਆਪਣੇ ਪ੍ਰੇਮੀ ਦੀ ਸ਼ਖ਼ਸੀਅਤ ਦੇ ਰਿਣਾਤਮਕ ਪਾਸਾਰਾਂ ਤੇ ਔਗੁਣਾਂ ਨੂੰ ਨਜ਼ਰ ਅੰਦਾਜ਼ ਕਰ ਦਿੰਦਾ ਹੈ। ਜਿਵੇਂ-ਜਿਵੇਂ ਪ੍ਰੇਮੀ ਜੋੜਾ ਮਾਨਸਿਕ ਤੇ ਸਰੀਰਕ ਪੱਧਰ 'ਤੇ ਨੇੜੇ ਆਉਂਦਾ ਜਾਂਦਾ ਹੈ ਤਾਂ ਦਿਮਾਗੀ ਪ੍ਰਤੀਕਰਮਾਂ ਵਿਚੋਂ ਤਰਕ/ਵਿਵੇਕ ਖੀਣ ਹੋਈ ਜਾਂਦਾ ਹੈ। ਇਸ ਦੇ ਉੱਲਟ ਮਨ-ਮਸਤਕ ਵਿਚ ਅਜਿਹੇ ਪ੍ਰਤੀਕਰਮ ਪੈਦਾ ਹੁੰਦੇ ਹਨ, ਜਿਹੜੇ ਉਤਸ਼ਾਹ, ਖ਼ੁਸ਼ੀ ਤੇ ਅਨੰਦ ਪ੍ਰਦਾਨ ਕਰਦੇ ਹਨ ਅਤੇ ਇਸ ਦੌਰਾਨ ਨਿਰਾਸ਼ਾ, ਉਦਾਸੀ ਤੇ ਦੁੱਖ ਦੀ ਸ਼ਿੱਦਤ ਘਟਾ ਦਿੰਦੇ ਹਨ। ਵਿਗਿਆਨੀਆਂ ਦੀਆਂ ਪਰਖਾਂ ਦੇ ਸਿੱਟਿਆਂ ਅਨੁਸਾਰ ਕਾਮੁਕਤਾ ਤੇ ਜਾਨੂੰਨੀ ਪਿਆਰ ਨਾਲ ਜੁੜੀਆਂ ਵਿਸ਼ੇਸ਼ਤਾਈਆਂ ਇਕ ਦੂਜੇ ਨਾਲ ਪੂਰੀ ਤਰ੍ਹਾਂ ਰਲਗੱਡ ਨਜ਼ਰ ਆਉਂਦੀਆਂ ਹਨ।

ਚਿੰਤਕਾਂ ਨੇ ਦੂਜੀ ਪ੍ਰਕਾਰ ਦੇ ਪਿਆਰ ਨੂੰ ਦੋਸਤੀ, ਸੰਗ-ਸਾਥ ਜਾਂ ਸਾਂਝ ਦੇ ਡੂੰਘੇ ਭਰੱਪਣ ਵਾਲਾ ਪਿਆਰ ਮੰਨਿਆ ਹੈ। ਭਾਵੇਂ ਇਨ੍ਹਾਂ ਰਿਸ਼ਤਿਆਂ ਵਿਚ ਮਨੁੱਖੀ ਅਹਿਸਾਸ ਤੇ ਭਾਵਨਾਵਾਂ ਬਹੁਤੇ ਤੀਖਣ ਤੇ ਤੀਬਰ ਰੂਪ ਵਿਚ ਨਹੀਂ ਆਉਂਦੀਆਂ ਤਾਂ ਵੀ ਇਹ ਰਿਸ਼ਤੇ, ਵਿਸ਼ਵਾਸ, ਨੇੜਤਾ, ਲਗਾਓ, ਭਰੋਸਗੀ, ਪ੍ਰਤੀਬੱਧਤਾ ਤੇ ਨਿੱਘ ਦੀਆਂ ਭਾਵਨਾਵਾਂ ਵਿਚ ਵਿਚਰਦੇ ਹਨ। ਬਹੁਤੇ ਚਿੰਤਕ ਇਸ ਕਿਸਮ ਦੇ ਪਿਆਰ ਨੂੰ "ਆਦਰਸ਼ਵਾਦੀ" ਜਾਂ "ਸੱਚਾ" ਮੰਨਦੇ ਹਨ।

ਮਨੋਵਿਗਿਆਨੀ ਪਿਆਰ ਨੂੰ ਇਕ ਕਿਸਮ ਦੀ ਜਜ਼ਬਾਤੀ ਪ੍ਰਕ੍ਰਿਆ ਹੀ

ਸਮਝਦੇ ਹਨ। ਜਜ਼ਬਾਤ, ਮਨੁੱਖੀ ਸੰਬੰਧਾਂ ਤੇ ਰਿਸ਼ਤਿਆਂ ਨੂੰ ਜੋੜ ਕੇ ਰੱਖਣ ਵਾਲੀ ਮੂਲ ਇਕਾਈ ਹੈ, ਜਿਹੜੀ ਅੰਦਰੂਨੀ ਮਾਨਵੀ ਪ੍ਰਬੰਧਾਂ ਨੂੰ ਸਿਰਜਦੀ ਹੈ। ਮਨੁੱਖੀ ਜ਼ਿੰਦਗੀ ਕਦੀ ਵੀ "ਇਕੱਲਤਾ" ਜਾਂ "ਖਲਾਅ" ਵਿਚੋਂ ਸਿਰਜਤ ਹੋਂਦ-ਹਸਤੀ ਨਹੀਂ ਹੋ ਸਕਦੀ। ਕੌਮ ਵਿਸ਼ੇਸ਼ ਦੇ ਸੁਭਾਅ, ਪ੍ਰਕ੍ਰਿਤੀ ਤੇ ਪ੍ਰਵਿਰਤੀ, ਦਿਸ਼ਾ-ਨਿਰਦੇਸ਼, ਜੀਵਨ ਦੀਆਂ ਕਦਰਾਂ-ਕੀਮਤਾਂ ਅਤੇ ਸਮੂਹਿਕ ਮਨੋਵਿਗਿਆਨ ਹੀ ਮਨੁੱਖੀ ਮਨੋ-ਵਿਚਾਰਾਂ, ਆਦਤਾਂ ਤੇ ਮਨੁੱਖੀ ਮਨੋਰਥਾਂ ਨੂੰ ਬਣਾਉਂਦੇ, ਚਲਾਉਂਦੇ ਤੇ ਸਿਰਜਦੇ ਹਨ। ਇਸ ਕਰਕੇ ਮਨੁੱਖ ਜਿਸ ਵਿਸ਼ੇਸ਼ ਸਭਿਆਚਾਰਕ ਮਾਹੌਲ ਵਿਚ ਜੀਂਦਾ-ਥੀਂਦਾ ਹੈ, ਤਾਂ ਉਸ ਦੇ ਜਜ਼ਬਾਤ, ਅਹਿਸਾਸ, ਭਾਵਨਾਵਾਂ ਵੀ ਉਸੇ ਸਭਿਆਚਾਰਕ ਮਾਹੌਲ ਦੇ ਮੁੱਲ ਪ੍ਰਬੰਧਾਂ ਰਾਹੀਂ ਹੀ ਨਿਰਧਾਰਤ ਹੁੰਦੇ ਰਹਿੰਦੇ ਹਨ। ਇਸ ਲਈ ਜਜ਼ਬਾਤ ਇਕ ਮਨੋਵਿਗਿਆਨਕ, ਸਮਾਜਿਕ ਤੇ ਸਭਿਆਚਾਰਕ ਵਰਤਾਰਾ ਬਣ ਜਾਂਦਾ ਹੈ। ਜਜ਼ਬਾਤ, ਪਿਆਰ—ਇਸ਼ਕ ਦੀ ਪਹਿਲੀ ਜ਼ਰੂਰਤ ਹੁੰਦੇ ਹਨ।

ਪਿਆਰ-ਇਸ਼ਕ ਦੀ ਇਹ ਥੋੜ੍ਹੀ ਲੰਮੀ ਵਿਆਖਿਆ ਇਸ ਲਈ ਕੀਤੀ ਗਈ ਹੈ ਕਿਉਂਕਿ ਗ਼ਜ਼ਲ ਰੂਪਾਕਾਰ ਦਾ ਨਿਕਾਸ ਤੇ ਵਿਕਾਸ ਇਨ੍ਹਾਂ ਦੀਆਂ ਹੀ ਸੂਖ਼ਮ ਪਰਤਾਂ ਦੀ ਪੇਸ਼ਕਾਰੀ ਨਾਲ ਹੋਇਆ। ਖ਼ੂਬਸੂਰਤ ਔਰਤ ਨਾਲ ਗੱਲਾਂ ਜਾਂ ਉਸ ਬਾਰੇ ਗੱਲਾਂ ਗ਼ਜ਼ਲ ਦੇ ਸ਼ਾਬਦਿਕ ਅਰਥ ਸਮਝੇ ਜਾਂਦੇ ਹਨ। ਰਾਜਿਆਂ-ਸ਼ਹਿਜ਼ਾਦਿਆਂ ਦੇ ਇਸ਼ਕ-ਪਿਆਰ ਦੀ ਸੂਖ਼ਮ ਤੇ ਕਲਾਤਮਕ ਪੇਸ਼ਕਾਰੀ ਜਗੀਰਦਾਰੀ ਤੇ ਸਾਮੰਤੀ ਯੁੱਗ ਦੇ ਸ਼ਾਇਰਾਂ ਦਾ ਮਨ-ਭਾਉਂਦਾ ਵਿਸ਼ਾ ਰਿਹਾ ਹੈ। ਗ਼ਜ਼ਲ ਕਾਵਿ-ਰੂਪ ਆਪਣੀ ਸਦੀਆਂ ਪੁਰਾਣੀ ਪਰੰਪਰਾ ਨਾਲ ਅੱਜ ਵੀ ਪੂਰੀ ਸ਼ਿੱਦਤ ਨਾਲ ਜੁੜਿਆ ਹੋਇਆ ਹੈ। ਇਸ ਵਿਚ ਪਰੰਪਰਾ ਦੇ ਨਾਲ-ਨਾਲ ਇਸ਼ਕ-ਪਿਆਰ ਦੇ ਆਦਿ ਜੁਗਾਦੀ ਤੇ ਮੂਲ-ਮਨੁੱਖੀ ਸਰੋਕਾਰਾਂ ਦੇ ਜੀਵੰਤ ਜਜ਼ਬੇ ਨਾਲ ਜੁੜੇ ਹੋਣ ਦੀ ਪ੍ਰਕ੍ਰਿਤੀ ਤੇ ਪ੍ਰਵਿਰਤੀ ਜੈਵਿਕ ਰੂਪ 'ਚ ਸਮੋਈ ਹੋਈ ਹੈ। ਪਿਆਰ ਦੀ ਕਰਤਾਰੀ ਭੂਮਿਕਾ ਤੋਂ ਇਨਕਾਰ ਮਨੁੱਖੀ ਹੋਂਦ ਤੇ ਹੋਣ-ਥੀਣ ਤੋਂ ਇਨਕਾਰ ਹੈ। ਕੁਲਬੀਰ ਸੱਗੂ ਵੀ ਆਪਣੇ ਪਲੇਠੇ ਗ਼ਜ਼ਲ ਸੰਗ੍ਰਹਿ "ਅਮਨ ਦੀ ਘੁੱਗੀ" ਵਿਚ ਇਸ ਦਾ ਭਰਵਾਂ ਇਜ਼ਹਾਰ ਕਰਦਾ ਹੈ।

ਗ਼ਜ਼ਲ ਆਪਣੇ ਰੂਪ-ਵਿਧਾਨ ਦੀ ਕਰੜਾਈ ਕਰਕੇ; ਇਸ਼ਕ-ਪਿਆਰ, ਮੋਹ-ਮੁਹੱਬਤ ਤੇ ਮਿੱਤਰਤਾ ਦੀਆਂ ਸੂਖ਼ਮਤਮ ਪਰਤਾਂ ਨੂੰ ਵੱਖ-ਵੱਖ ਅੰਦਾਜ਼ 'ਚ ਪੇਸ਼ ਕਰਨ ਕਰਕੇ ਅਤੇ ਪੰਜਾਬੀ ਗ਼ਜ਼ਲ ਵਿਚ ਅਰਬੀ, ਫਾਰਸੀ ਤੇ ਉਰਦੂ ਸ਼ਬਦਾਵਲੀ ਦੀ ਵਰਤੋਂ ਕਾਰਨ ਪਰੰਪਰਾਗਤ ਕਾਵਿ-ਰੂਪ ਹੈ। ਬਿਨਾਂ ਸ਼ੱਕ ਪੰਜਾਬੀ ਗ਼ਜ਼ਲ ਆਪਣਾ ਵਿਲੱਖਣ ਤੇ ਮੌਲਿਕ ਮੁਹਾਂਦਰਾ ਸਥਾਪਿਤ ਕਰ ਚੁੱਕੀ ਹੈ। ਪਰ ਅਜੇ ਵੀ ਉਰਦੂ-ਫਾਰਸੀ ਸ਼ਬਦ ਵਰਤਣੇ ਸ਼ਾਇਰ ਜ਼ਰੂਰੀ ਸਮਝਦੇ ਹਨ।

ਕੁਲਬੀਰ ਸੱਗੂ ਨੇ ਵੀ ਆਪਣੀ ਕਾਵਿ-ਕਿਤਾਬ ਵਿਚ ਸਾਕੀ-ਓ-ਮਅਕਸ਼, ਸਾਕੀ, ਮੈਅਖ਼ਾਨਾ, ਵਫ਼ਾ, ਜਫ਼ਾ, ਖ਼ਤਾ, ਮੰਜ਼ਰ ਤੇ ਨਜ਼ਰਾਨਾ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਨਿੱਤ ਵਰਤੀਂਦੇ ਚਿੰਨ੍ਹਾਂ, ਪ੍ਰਤੀਕਾਂ, ਬਿੰਬਾਂ ਤੇ ਰੂਪਕਾਂ ਦੀ ਵਰਤੋਂ ਦੇ ਨਾਲ-ਨਾਲ ਸੱਗੂ ਨੇ ਭਾਰਤੀ ਮਿਥਿਹਾਸ ਦੀ ਵਰਤੋਂ ਕੀਤੀ ਹੈ। ਉਂਝ ਪੰਜਾਬੀ ਗ਼ਜ਼ਲ 'ਚ ਹਿੰਦੀ, ਸੰਸਕ੍ਰਿਤ ਤੇ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਵੀ ਵਧ ਰਹੀ ਹੈ।

ਕੁਲਬੀਰ ਸੱਗੂ ਦੀ ਗ਼ਜ਼ਲ ਦੇ ਪ੍ਰਮੁੱਖ ਗੁਣ ਹਨ: (ੳ) ਮੁਸਲਸਲ (ਅ) ਗਾਏ ਜਾਣ ਦੇ ਯੋਗ ਹੋਣਾ। ਮੁਸਲਸਲ ਗ਼ਜ਼ਲ 'ਚ ਇਕ ਹੀ ਵਿਸ਼ੇ-ਵਸਤੂ ਜਾਂ ਜੀਵਨ ਦੇ ਮਹਾਂ ਪਾਸਾਰੇ ਦੇ ਇਕ ਪੱਖ ਦੀਆਂ ਹੀ ਵਿਭਿੰਨ ਪਰਤਾਂ ਨੂੰ ਇਕ ਵਿਸ਼ੇਸ਼ ਤਰਤੀਬ 'ਚ ਪੇਸ਼ ਕੀਤਾ ਜਾਂਦਾ ਹੈ। ਇਕ ਪ੍ਰਗੀਤਕ ਰੌਅ ਤੇ ਸੰਗੀਤਕ ਰਸ ਦੀ ਲਗਾਤਾਰਤਾ ਇਸ ਪ੍ਰਕਾਰ ਦੀ ਗ਼ਜ਼ਲ ਦਾ ਹਾਸਲ ਹੈ। ਸ਼ਿਅਰਾਂ ਦੀ ਤਰਤੀਬ ਵੀ ਗ਼ਜ਼ਲਕਾਰ ਦੀ ਸ਼ਿਲਪ-ਸਮਝ ਦਾ ਪ੍ਰਮਾਣ ਬਣਦੀ ਹੈ। ਮੁਸਲਸਲ ਗ਼ਜ਼ਲਾਂ ਦੀ ਸੂਚੀ ਵਿਚ "ਮੋਂ ਬੱਤੀਆਂ", "ਆਓ ਰੁੱਖ ਲਾਈਏ", "ਜਿਹੜੇ ਲੋਕ ਨਿਭਾਉਂਦੇ ਰਿਸ਼ਤੇ", "ਜੇਠ ਹਾੜ੍ਹ ਜਿਹੀ ਗਰਮੀ", "ਜੀਵਨ ਦੀ ਬਸ ਇਕੋ ਪਾਰੀ", "ਹੁੰਦੇ ਨੇ ਦਿਲਦਾਰ ਪੰਜਾਬੀ", "ਬੰਦਾ ਮਤਲਬੀ" ਅਤੇ "ਦਿਲ ਦੀ ਜੋਤ ਜਗਾਈ ਰੱਖ" ਆਦਿ ਰੱਖ ਸਕਦੇ ਹਾਂ। ਗ਼ਜ਼ਲ ਦੀ ਪ੍ਰਕ੍ਰਿਤੀ, ਰੂਪਾਕਾਰਕ ਵਿਸ਼ੇਸ਼ਤਾਈ ਜਾਂ ਗ਼ਜ਼ਲ ਦੇ ਰੂਪ-ਵਿਧਾਨ ਬਾਰੇ ਕੁਲਬੀਰ ਸੱਗੂ ਦਾ ਸ਼ਿਅਰ ਹੈ:

*ਸੱਗੂ ਗ਼ਜ਼ਲ ਪਿਆਰੀ ਲੱਗਦੀ*
*ਜਿਹੜੀ ਗ਼ਜ਼ਲ ਨੂੰ ਗਾਇਆ ਜਾਏ।*

ਸਪਾਟ ਬਿਆਨੀ ਦੀ ਥਾਂ ਗ਼ਜ਼ਲ ਦਾ ਸ਼ਿਅਰ ਕਲਾ ਜੁਗਤਾਂ ਦੀ ਸਹਾਇਤਾ ਨਾਲ ਪ੍ਰਭਾਵ ਨੂੰ ਚਿਰਸਥਾਈ ਬਣਾਉਣ ਦਾ ਹਰ ਸੰਭਵ ਯਤਨ ਕਰਦਾ ਪ੍ਰਤੀਤ ਹੋਣਾ ਚਾਹੀਦਾ ਹੈ। ਵਿਅੰਗ ਯੁਕਤ ਪੇਸ਼ਕਾਰੀ ਇਕ ਵਿਧੀ ਹੈ। ਵਿਅੰਗ ਕਲਾ ਕੁਸ਼ਲਤਾ ਤੇ ਬੌਧਿਕਤਾ ਦਾ ਪ੍ਰਮਾਣ ਅਤੇ ਇਕ ਵਿਸ਼ੇਸ਼ ਸ਼ਿਲਪ ਸ਼ੈਲੀ ਦੀ ਪੁਖ਼ਤਾ ਵਰਤੋਂ ਹੈ। ਇਸ ਪੱਖੋਂ ਸੱਗੂ ਦਾ ਇਹ ਸ਼ਿਅਰ ਵਿਚਾਰਿਆ ਜਾ ਸਕਦਾ ਹੈ:

*ਤੇਰੇ ਦਿਲ ਵਿਚ ਮੇਰਾ ਖਾਤਾ ਬੰਦ ਪਿਆ ਹੈ ਚਿਰ ਤੋਂ,*
*ਗ਼ਮ ਮਿਰੇ ਕੋਲ ਨਕਦ ਕੈਸ਼ ਹੈ, ਮੈਂ ਹਾਂ ਬਹੁਤ ਅਮੀਰ।*

ਸ਼ਾਇਰੀ ਕਾਵਿ ਮਨ-ਮਸਤਕ ਦਾ ਸਹਿਜ ਨ੍ਰਿਤ ਹੈ। ਇਸ ਨੇ ਕਦੋਂ ਕਥਕ ਬਣਨਾ ਹੈ ਅਤੇ ਕਦੋਂ ਤਾਂਡਵ ਇਹ ਪੇਸ਼ ਪਰਿਸਥਿਤੀਆਂ 'ਤੇ ਨਿਰਭਰ ਕਰਦਾ ਹੈ। ਸ਼ਾਇਰੀ ਸਹਿਜ ਪ੍ਰਕ੍ਰਿਆ ਹੈ। ਇਹ ਸੁਰ ਸੰਗੀਤ ਵੀ ਹੈ ਅਤੇ ਦਰਦ ਦੀ ਹੂਕ ਵੀ। ਕਵਿਤਾ 'ਚ ਕਵੀ ਦਾ ਨਿੱਜ ਹੁੰਦਾ ਵੀ ਹੈ ਅਤੇ ਨਹੀਂ ਵੀ। ਸਵੈ ਦੀ ਪਛਾਣ ਤੇ ਪ੍ਰਗਟਾਵਾ ਵੀ ਸ਼ਾਇਰੀ ਦੇ ਪ੍ਰਕਾਰਜਾਂ 'ਚ ਸ਼ਾਮਲ ਹਨ। ਇਹ ਜ਼ਰੂਰੀ ਵੀ ਹੈ ਅਤੇ

ਹੱਕੀ ਵੀ। ਆਓ ਕੁਝ ਸ਼ਿਅਰ ਵੇਖੀਏ:

*ਤੇਰੀਆਂ ਲਾਪਰਵਾਹੀਆਂ ਦੇ ਕਿੱਲ,*
*ਮੇਰੇ ਪੈਰੀਂ ਠੁਕ ਜਾਣੇ ਨੇ।*

*ਇਸ਼ਕ ਖ਼ੁਦਾ ਹੈ ਇਸ਼ਕ ਹੀ ਰੱਬ ਹੈ,*
*ਰੱਬ ਨਾ ਹੋਰ ਬਣਾਇਆ ਜਾਏ।*

*ਟੁੱਟ ਕੇ ਤੈਥੋਂ ਜੀਣ ਤੋਂ ਹੈ ਮਰਨਾ ਬਿਹਤਰ,*
*ਵਸਲ ਲਈ ਜੇ ਮਰਨਾ ਹੋਇਆ ਮਰ ਜਾਵਾਂਗਾ।*

*ਤੂੰ ਕਹਿੰਦੀ ਚੰਨ ਲੈ ਦੇ ਮੈਨੂੰ ਮੈਂ ਆਖਾਂ ਤੂੰ ਜਿਗਰਾ ਕਰ,*
*ਇੱਕ ਇੱਕ ਤਾਰੇ ਉੱਪਰ ਸੱਜਣੀ ਤੇਰਾ ਨਾਮ ਲਿਖਾਣਾ ਮੈਂ।*

ਪਿਆਰ ਦੀ ਪ੍ਰਕ੍ਰਿਤੀ, ਪ੍ਰਵਿਰਤੀ ਤੇ ਵੇਗ ਬਾਰੇ ਮੁਸਲਸਲ ਗ਼ਜ਼ਲਾਂ "ਵਾਕਈ ਮੇਰਾ ਹੁਣ...........", "ਇਸ਼ਕ ਝਨਾਂ ਮਿਲਣੇ.........." ਅਤੇ "ਦਿਲ ਨੇ ਇੱਕ ਇੱਕ ਗ਼ਮ" ਆਦਿ ਵੇਖੀਆਂ ਜਾ ਸਕਦੀਆਂ ਹਨ।

ਕਵਿਤਾ 'ਚ ਇਲਹਾਮ ਵਰਗਾ ਕੁਝ ਵੀ ਨਹੀਂ ਹੁੰਦਾ ਅਤੇ ਨਾ ਹੀ ਕਵਿਤਾ ਉੱਤਰਦੀ ਹੈ। ਕਵਿਤਾ ਸਦਾ ਹੀ ਸੁਚੇਤ ਸਿਰਜਣਾ ਹੁੰਦੀ ਹੈ। ਉਂਝ ਕੋਈ ਸਿਰਜਣਾ ਵੀ ਅਚੇਤ ਜਾਂ ਸੁੱਤੇ-ਸਿੱਧ ਜਾਂ ਉਦੇਸ਼ ਰਹਿਤ ਨਹੀਂ ਹੁੰਦੀ। ਹਰ ਕਵਿਤਾ ਦੇ ਪਿਛੋਕੜ 'ਚ ਕੋਈ ਵਸਤੂ, ਘਟਨਾ ਜਾਂ ਵਰਤਾਰਾ ਪਿਆ ਹੁੰਦਾ ਕਾਰਜਸ਼ੀਲ ਹੁੰਦਾ ਹੈ, ਪਰ ਹਰੇਕ ਘਟਨਾ ਨੂੰ ਹਰੇਕ ਕਵੀ ਕਵਿਤਾ 'ਚ ਨਹੀਂ ਢਾਲ ਸਕਦਾ। ਮਸਲਾ ਕਵੀ ਦੀ ਸਮਝਦਾਰੀ ਤੇ ਸੰਵੇਦਨਾ ਦਾ ਵੀ ਹੁੰਦਾ। ਦੂਜੇ, ਸਮਾਜਿਕ ਸਰੋਕਾਰਾਂ ਤੋਂ ਵਿਛੁੰਨੀ ਸ਼ਬਦ ਜਾਂ ਵਾਕੰਸ, ਵਾਕ ਘਾੜਤ ਨੂੰ ਕਵਿਤਾ ਹੀ ਨਹੀਂ ਮੰਨਿਆ ਜਾ ਸਕਦਾ। ਕੁਲਬੀਰ ਸੱਗੂ ਦੇ ਕਾਵਿ ਸਰੋਕਾਰਾਂ 'ਚ ਸੰਵਾਦ ਤੇ ਤਰਕ ਦੀ ਲੋੜਵੰਦੀ 'ਤੇ ਬਲ ਦਿੱਤਾ ਗਿਆ ਹੈ। ਅਮੀਰੀ ਗਰੀਬੀ ਵਿਚਲਾ ਅੰਤਰ; ਕਿਰਤ ਦੀ ਲੁੱਟ; ਭਾਰਤੀ ਲੋਕਾਂ ਦਾ ਵਿਆਪਕ ਪੱਧਰ 'ਤੇ ਅਨਪੜ੍ਹਤਾ, ਅਗਿਆਨਤਾ ਤੇ ਅੰਧ-ਵਿਸ਼ਵਾਸ ਦੇ ਚੱਕਰਵਿਊ 'ਚ ਫਸੇ ਹੋਣਾ; ਉਨ੍ਹਾਂ ਦਾ ਚੇਤਨਾ ਸੰਕਟ ਦਾ ਸ਼ਿਕਾਰ ਹੋਣਾ; ਭਾਰਤੀ ਲੋਕਾਂ ਦੇ ਮੂਲ ਮੁੱਢਲੇ ਮਸਲਿਆਂ ਦਾ ਅੱਜ ਤੱਕ ਹੱਲ ਨਾ ਹੋਣਾ; ਨਸ਼ਿਆਂ ਦੀ ਵਿਕਰਾਲਤਾ ਤੇ ਭਿਅੰਕਰਤਾ; ਸਦੀਆਂ ਦੀ ਗੁਲਾਮੀ ਕਾਰਨ ਸਾਡੇ ਲੋਕਾਂ ਦਾ ਦੋਗਲਾ-ਦੰਭੀ ਤੇ ਦੱਬੂ ਕਿਰਦਾਰ ਤੇ ਵਿਵਹਾਰ ਅਤੇ ਬੰਦੇ ਦੀ ਵਾਸਤਵਿਕਤਾ ਨੂੰ ਚਿਤਰਣਾ ਆਦਿ ਕੁਲਬੀਰ ਸੱਗੂ ਦੇ ਪ੍ਰਮੁੱਖ ਸਰੋਕਾਰ ਹਨ। ਇਨ੍ਹਾਂ ਤੋਂ ਛੁੱਟ ਹਾਕਮਾਂ ਦੀ ਘੋਰ ਮੌਕਾਪ੍ਰਸਤੀ, ਉਨ੍ਹਾਂ ਵੱਲੋਂ ਸੱਤਾ ਪ੍ਰਾਪਤੀ ਲਈ ਹਰ ਗੁਨਾਹ ਕਰਨ ਦਾ ਡਰ; ਉਨ੍ਹਾਂ ਦੀ ਫਿਰਕੂ ਜਾਨੂੰਨੀ ਪਹੁੰਚ ਅਤੇ ਹਾਕਮਾਂ ਦਾ ਦੋਗਲਾ ਤੇ ਲੋਟੂ ਕਿਰਦਾਰ ਤੇ ਵਿਖਾਵਾ ਯੁਕਤ

ਵਿਵਹਾਰ ਸੱਗੂ ਦੇ ਸ਼ਿਅਰਾਂ ’ਚ ਰੂਪਮਾਨ ਹੁੰਦਾ ਹੈ। ਮਾਨਵੀ ਕਦਰਾਂ-ਕੀਮਤਾਂ ਦੇ ਹੱਕ ’ਚ ਡਟ ਕੇ ਪਹਿਰਾ ਦਿੰਦਿਆਂ ਸਾਡਾ ਕਵੀ ਇੱਛਿਤ ਯਥਾਰਥ ਦੀਆਂ ਝਲਕਾਂ ਵੀ ਪੇਸ਼ ਕਰਦਾ ਹੈ। ਆਓ ਸਮਕਾਲੀ ਭਾਰਤੀ ਯਥਾਰਥ ਦੇ ਕੁਝ ਪਾਸਾਰਾਂ ਦੀ ਝਲਕ ਵੇਖੀਏ:

*ਤੇਰੀ ਹਰ ਗੱਲ ਨੋਟਾਂ ਨਾਲ।*
*ਮੇਰਾ ਸਾਥ ਏ ਤੋਟਾਂ ਨਾਲ।*

*ਕੁਰਸੀ ਮਿਲਦੀ ਵੋਟਾਂ ਨਾਲ।*
*ਵੋਟਾਂ ਲੈ ਲਓ ਨੋਟਾਂ ਨਾਲ।*

*ਝੂਠ ਹੀ ਲੁੱਟੇ ਝੂਠ ਹੀ ਕੁੱਟੇ,*
*ਸੱਚ ਨੂੰ ਪਾਵੇ ਘਾਹ ਨਾ ਕੋਈ।*

*ਟੁੱਟੀ ਸਾਈਕਲ ਵਾਲੇ ਕਾਮੇ ਦਾ ਛਿੰਦੜਾ*
*ਸੁਪਨੇ ਕੀਕਣ ਲੈ ਸਕਦਾ ਹੈ ਕਾਰਾਂ ਦੇ?*

*ਪੈਸੇ ਦੇ ਜੈ ਕਰਵਾਉਂਦੇ,*
*ਨੇਤਾਵਾਂ ਨੇ ਪਾਲੇ ਲੋਕ।*

*ਦੇਵੀ ਦੀ ਪੂਜਾ ਕਰਦੇ,*
*ਕੁੜੀਆਂ ਮਾਰਨ ਵਾਲੇ ਲੋਕ।*

*ਧਰਮ ਦਾ ਨਾਂ ਲੈ ਜੋ ਠੱਗਦੈ ਵੋਟਰਾਂ,*
*ਕੁਰਸੀ ਉੱਤੇ ਬਹਿ ਵੀ ਠੱਗਦਾ ਰਹੇਗਾ।*

*ਰਾਤ ਦੀ ਲੰਬਾਈ ਵਧਗੀ ਜਾਪਦੈ*
*ਚੜ੍ਹਨ ਦਾ ਸੂਰਜ ਨੂੰ ਚੇਤਾ ਭੁੱਲ ਗਿਆ।*

*ਰੱਜ ਕੇ ਚੋਗ ਚੁਗਣ ਨਾ ਚਿੜੀਆਂ*
*ਡਰਨ ਕਿ ਦਾਣੇ ਮੁੱਕ ਜਾਣੇ ਨੇ।*

*ਤੇਰੀ ਹਰ ਇਕ ਰਾਤ ਦੀਵਾਲੀ ਵਰਗੀ ਹੈ,*
*ਮੇਰੀ ਹਰ ਦੀਵਾਲੀ ਚੁੱਪ ਚੁਪੀਤੀ ਹੈ।*

*ਵੱਢੋ ਟੁੱਕੋ, ਸਾੜੋ ਫੂਕੋ, ਰਾਜ ਕਰੋ,*
*ਕੈਸਾ ਰਾਜ ਕੈਸੀ ਰਾਜ ਦੀ ਨੀਤੀ ਹੈ ?*

*ਹੁਣ ਜਨੂੰਨੀ ਅੱਗਾ ਪਿੱਛਾ ਤੱਕਦੇ ਨਈਂ,*
*ਤੁਰਨ ਤਬਾਹੀ ਤੋਰ ਕਿ ਬਚਣਾ ਮੁਸ਼ਕਲ ਹੈ।*

*ਈਮਾਨ ਮਰਨ ਦਾ ਖ਼ਤਰਾ ਹੈ,*
*ਨਹੀਂ ਮਰਦੀ ਤੇ ਬੇਈਮਾਨੀ ਹੈ।*

ਸਮਕਾਲੀ ਭਾਰਤੀ ਰਾਜਨੀਤਕ-ਆਰਥਿਕ ਤੇ ਸਮਾਜਿਕ ਯਥਾਰਥ ਦੇ ਵੇਗ ਦੀ ਪ੍ਰਕ੍ਰਿਤੀ ਤੇ ਪ੍ਰਵਿਰਤੀ ਅਜਿਹੀ ਹੈ ਕਿ ਨਿਰਾਸ਼ਤਾ ਉਪਜਣੀ ਬੇਹੱਦ ਸੁਭਾਵਿਕ ਹੈ। ਯਥਾਰਥ ਦੀ ਕਰੂਰਤਾ ਨਿਰਾਸ਼ਤਾ ਉਤਪੰਨ ਕਰਦੀ ਹੈ:

*ਇਕ ਇਕ ਕਰਕੇ ਟੁੱਟ ਜਾਣੇ ਨੇ।*
*ਲੱਗਦੈ ਤਾਰੇ ਮੁੱਕ ਜਾਣੇ ਨੇ।*

*ਜ਼ਿੰਦਗੀ ਹੁਣ ਉਦਾਸ ਹੋ ਗਈ ਏ,*
*ਖ਼ਤਮ ਮਿਲਣੇ ਦੀ ਆਸ ਹੋ ਗਈ ਏ।*

ਸਮਕਾਲੀ ਭਾਰਤੀ ਯਥਾਰਥ ਦੇ ਦਰਸ਼ਨਾਂ ਲਈ ਮੁਸਲਸਲ ਗ਼ਜ਼ਲ "ਗਲ ਦਾ ਢੋਲ ਵਜਾਉਣਾ ਪੈਂਦਾ" ਵੇਖੀ ਜਾ ਸਕਦੀ ਹੈ। ਇੱਛਿਤ ਯਥਾਰਥ ਦੀ ਝਲਕ ਵੀ ਵੇਖੋ:

*ਹਰ ਵਾਸੀ ਮੁਸਕਾਂਦਾ ਹੋਵੇ,*
*ਐਸਾ ਨਗਰ ਵਸਾਇਆ ਜਾਏ।*

ਅਤੇ :

*ਕਾਮਿਆਂ ਦੀ ਕਦਰ ਹੋਵੇ ਲੋੜ ਹੈ*

ਹੋਰ ਸੁਣੋ :

*ਕੋਈ ਨਾ ਤਰਕੋਂ ਵਿਹੂਣਾ ਚਾਹੀਦੈ।*

ਪੇਸ਼ ਵਿਵਸਥਾ ਦੀ ਕਾਰਜਸ਼ੀਲਤਾ ਦੀ ਕਰੂਰਤਾ ਹੀ ਅਜਿਹੀ ਹੈ ਕਿ ਮਨੁੱਖੀ ਕਦਰਾਂ-ਕੀਮਤਾਂ ਦੀ ਗੱਲ/ਰਾਖੀ ਅਪ੍ਰਸੰਗਿਕ ਜਿਹੀ ਹੋ ਗਈ ਹੈ। ਪੈਸੇ, ਪਦਵੀ ਤੇ ਪ੍ਰਸਿੱਧੀ ਦੀ ਦੌੜ ਸਰਪਟ ਦੌੜਦੇ ਘੋੜੇ ਤੋਂ ਵੀ ਤੇਜ਼ ਹੈ। ਇਸ ਦੌੜ ਨੇ ਮੱਧ-ਵਰਗੀ ਮਨੁੱਖੀ ਮਾਨਸਿਕਤਾ ਨੂੰ ਭਟਕਾਵ ਤੇ ਬਿਖਰਾਵ ਦੀ ਸਥਿਤੀ 'ਚ ਲੈ ਆਂਦਾ ਹੈ। ਅਜੋਕੇ ਮਨੁੱਖ ਦੀ ਹੋਣੀ ਬਾਰੇ ਉਰਦੂ ਦੇ ਇਕ ਨਾਮਵਰ ਸ਼ਾਇਰ ਦਾ ਇਕ ਸ਼ਿਅਰ ਹੈ:

*ਸਕੂੰ ਆਦਮੀ ਕੀ ਕਿਸਮਤ ਨਹੀਂ ਹੈ ਸ਼ਾਇਦ।*
*ਯੇ ਦੁਨੀਆਂ ਹੈ ਜੱਨਤ ਨਹੀਂ ਹੈ ਸ਼ਾਇਦ।*

ਸਮਕਾਲ 'ਚ ਭਾਰਤ 'ਚ ਅਜੇ ਵੀ ਅਨਪੜ੍ਹਤਾ-ਅਗਿਆਨਤਾ ਤੇ ਘੋਰ ਗੁਰਬਤ ਦੇ ਮਹਾਂ ਪਾਸਾਰੇ ਕਾਰਨ ਵਹਿਮਾਂ-ਭਰਮਾਂ, ਕਰਮ-ਕਾਂਡਾਂ, ਪਾਖੰਡਾਂ, ਵਿਖਾਵੇ ਤੇ ਨਿਰਾਰਥਕ ਪੂਜਾ-ਪਾਠਾਂ ਆਦਿ ਲਈ ਜ਼ਮੀਨ ਬੇਹੱਦ ਜਰਖੇਜ਼ ਹੈ। ਇਹੀ ਜ਼ਮੀਨ

ਡੇਰੇਦਾਰਾਂ, ਬਾਬਿਆਂ, ਪਾਖੰਡੀ ਸਾਧਾਂ, ਤਥਾਕਥਿਤ ਜਾਂ ਆਪੇ ਬਣੇ ਬੈਠੇ ਸੰਤਾਂ, ਬ੍ਰਹਮ ਗਿਆਨੀਆਂ ਤੇ ਅਚਾਰੀਆਂ ਆਦਿ ਦੇ ਵਿਗਸਣ-ਮੌਲਣ ਲਈ ਬੇਹੱਦ ਸਹਾਇਕ ਸਾਬਤ ਹੁੰਦੀ ਹੈ। ਇਹ ਠੀਕ ਹੈ ਕਿ ਜਿਵੇਂ-ਜਿਵੇਂ ਅਨਪੜ੍ਹਤਾ, ਅਗਿਆਨਤਾ ਤੇ ਘੋਰ ਗੁਰਬਤ ਦਾ ਜਾਲ ਟੁੱਟਦਾ ਜਾਵੇਗਾ ਤਿਵੇਂ-ਤਿਵੇਂ ਅੰਧ-ਵਿਸ਼ਵਾਸ ਮੁੱਕਦਾ ਜਾਵੇਗਾ ਅਤੇ ਇਸ ਦੀ ਥਾਂ ਬੁੱਧ, ਵਿਵੇਕ ਅਤੇ ਤਰਕ ਲੈਂਦਾ ਜਾਵੇਗਾ, ਨਵੇਂ-ਨਵੇਂ ਵਿਚਾਰ ਜਨਮ ਲੈਣਗੇ। ਪਰ ਫਿਲਹਾਲ ਬਾਬਿਆਂ ਦਾ ਬੋਲ-ਬਾਲਾ ਹੈ। ਇਸੇ ਲਈ ਕੁਲਬੀਰ ਸੱਗੂ ਵਿਚਲਾ ਸੰਵੇਦਨਸ਼ੀਲ ਤੇ ਤਰਕਸ਼ੀਲ ਸ਼ਾਇਰ ਬਾਬਿਆਂ ਹੱਥੋਂ ਭੋਲੇ-ਭਾਲੇ ਗ਼ਰੀਬ ਭਾਰਤੀ ਲੋਕਾਂ ਦੀ ਲੁੱਟ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਉਹ ਆਪਣੀ ਕਾਫੀ ਸਿਰਜਣ ਸ਼ਕਤੀ ਇਨ੍ਹਾਂ "ਬਾਬਿਆਂ" ਦਾ ਹੀਜ-ਪਿਆਜ਼ ਨੰਗਾ ਕਰਨ 'ਤੇ ਖਰਚ ਦਿੰਦਾ ਹੈ:

*ਮਹਿੰਗੀਆਂ ਕਾਰਾਂ ਚੜ੍ਹਦੇ ਆਪ*
*ਦੇਣ ਉਪਦੇਸ਼ ਲੰਗੋਟਾਂ ਨਾਲ।*

*ਬਾਬੇ ਠੱਗਦੇ ਓਹਨਾਂ ਨੂੰ*
*ਅਕਲ ਜਿਨ੍ਹਾਂ ਦੀ ਮੋਟੀ ਹੈ।*

*ਜੋਕਾਂ ਬਣ ਕੇ ਲੁੱਟਣ ਲੋਕਾਂ,*
*ਬਾਬੇ ਚਿਮਟਾਮਾਰ ਬੜੇ ਨੇ।*

"ਬਾਬੇ ਆ ਗਏ ਨੇ" ਰਦੀਫ਼ ਵਾਲੀ ਮੁਕੰਮਲ ਮੁਸਲਸਲ ਗ਼ਜ਼ਲ ਭਾਰਤੀ/ਪੰਜਾਬੀ "ਬਾਬਿਆਂ" ਦੇ ਦੋਗਲੇ-ਦੰਭੀ ਕਿਰਦਾਰ ਤੇ ਵਿਵਹਾਰ ਲਈ ਵੇਖੀ ਜਾ ਸਕਦੀ ਹੈ। ਅਸਲ 'ਚ ਭਾਰਤ 'ਚ ਇਸ ਵੇਲੇ ਪ੍ਰਭਾਵੀ ਰਾਜਨੀਤੀਵਾਨਾਂ, ਉੱਚ ਅਫਸਰਸ਼ਾਹਾਂ, ਅਪਰਾਧੀਆਂ, ਧਨ-ਕੁਬੇਰਾਂ ਤੇ ਡੇਰੇਦਾਰਾਂ ਦਾ ਇਕ ਗੱਠਜੋੜ ਕਾਰਜਸ਼ੀਲ ਹੈ, ਜਿਹੜਾ ਹਰ ਪੱਧਰ 'ਤੇ ਹਰ ਥਾਂ ਭਾਰਤੀ ਗ਼ਰੀਬਾਂ ਦੀ ਹੋਣੀ ਨਾਲ ਖਿਲਵਾੜ ਕਰ ਰਿਹਾ ਹੈ। ਦੂਜੀ ਬਦਕਿਸਮਤੀ ਇਹ ਹੈ ਕਿ ਅਨੇਕਾਂ ਕਾਰਨ ਵੱਸ ਸਮੂਹਿਕ ਤੇ ਜਥੇਬੰਦਕ ਭਾਵਨਾ ਤੇ ਸ਼ਕਤੀ ਵਿਚ ਵਿਸ਼ਵਾਸ ਖੀਣ ਹੋ ਰਿਹਾ ਹੈ ਅਤੇ ਇਸ ਦੀ ਥਾਂ ਨਿੱਜਤਾ ਤੇ ਵਿਅਕਤੀਵਾਦ ਭਾਰੂ ਹੋ ਰਿਹਾ ਹੈ। ਵਰਗ ਤੇ ਵਰਣ ਵੰਡ ਵਾਲੇ ਸਮਾਜ ਵਿਚ ਹਰ ਵਿਅਕਤੀ ਆਪਣੀ-ਆਪਣੀ ਹੋਂਦ ਤੇ ਪਛਾਣ ਦੀ ਲੜਾਈ ਲੜ ਰਿਹਾ ਹੈ। ਸਵੈ-ਕੇਂਦਰਿਤ ਹੋਣ ਦੀ ਸਥਿਤੀ ਅਸੁਰੱਖਿਅਤਾ ਦੇ ਨਿਘਾਰ ਦਾ ਸਿਖਰ ਹੈ। ਇਸ ਸਥਿਤੀ ਵਿਚ ਮਨੁੱਖ ਜੁੜਨ ਦੀ ਥਾਂ ਬਿਖ਼ਰ ਰਿਹਾ ਹੈ। ਮਾਨਵੀ ਰਿਸ਼ਤਿਆਂ ਵਿਚ ਆ ਰਹੇ ਬਿਖ਼ਰਾਵ ਤੇ ਟੁੱਟ-ਭੱਜ ਅਤੇ ਘਟ ਰਹੇ ਮੋਹ-ਪਿਆਰ ਨੇ ਰਿਸ਼ਤਿਆਂ ਦਾ ਬਾਜ਼ਾਰੀਕਰਨ ਕਰ ਦਿੱਤਾ ਹੈ। ਕੁਲਬੀਰ ਸੱਗੂ ਦਾ ਸ਼ਾਇਰ ਮਨ-ਮਸਤਕ ਇਸ

ਸਾਰੇ ਕੁਝ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਇਸ ਲਈ ਉਹ ਸੱਦਾ ਦਿੰਦਾ ਹੈ:

*ਇਹ ਹੈ ਯੁੱਗ ਵਿਗਿਆਨ ਦਾ, ਹੈ ਨਾ ਕਿ ਠੱਗੇ ਜਾਣ ਦਾ,*
*ਬਾਬਿਆਂ ਸਾਧਾਂ ਨੂੰ ਠੱਗੀਆਂ ਤੋਂ ਹਟਾਈਏ ਦੋਸਤੋ!*

ਅਪਵਾਦਾਂ ਦੇ ਰੂਪ 'ਚ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਕੁਝ ਬਾਬੇ ਕਾਰਜਸ਼ੀਲ ਹਨ, ਜਿਨ੍ਹਾਂ ਦਾ ਜ਼ਿਕਰ ਕਰਕੇ ਸੱਗੂ ਆਪਣੇ ਸੰਤੁਲਿਤ ਗਿਆਨ ਤੇ ਉਸਾਰੂ ਪਹੁੰਚ ਦਾ ਸਹਿਜ ਪ੍ਰਗਟਾਵਾ ਕਰਦਾ ਦਿੱਸਦਾ ਹੈ। ਉਹ ਸਹੀ ਕਥਨ ਕਰਦਾ ਹੈ ਕਿ :

*ਸੰਤ ਜੇ ਹੋਵੇ ਸੇਵਾ ਸਿੰਘ ਜਾਂ ਸੀਚੇਵਾਲ,*
*ਮਿਲਦਾ ਹੈ ਤਾਂ ਹੀ ਸਤਕਾਰ ਮਨੁੱਖਤਾ ਦਾ।*

ਕੁਲਬੀਰ ਸੱਗੂ ਦਾ ਤਰਕਸ਼ੀਲ ਮਨ-ਮਸਤਕ ਕੁਦਰਤ ਅਤੇ ਇਸ ਦੇ ਅੰਤਰੀਵ ਨੇਮਾਂ-ਨਿਯਮਾਂ ਦੀ ਕਾਰਜਸ਼ੀਲਤਾ ਨੂੰ ਤਾਂ ਪ੍ਰਵਾਨ ਕਰਦਾ ਹੈ, ਪਰ ਉਹ ਕਿਸੇ ਪਰਾ-ਭੌਤਿਕ ਪਰਮਸੱਤਾ ਦੀ ਹੋਂਦ ਤੋਂ ਇਨਕਾਰੀ ਹੈ, ਜਿਵੇਂ :

*ਬੁੱਤ ਜੇ ਤੇਰਾ ਰੱਬ ਹੈ ਤਾਂ ਸਸਤਾ ਬਾਹਲਾ*
*ਇਹ ਤਾਂ ਵਿਕਦਾ ਫਿਰਦੈ ਵਿਚ ਬਾਜ਼ਾਰਾਂ ਦੇ।*

*ਰੱਬ ਦੀ ਗੋਲਕ ਖ਼ਤਰਾ ਹੈ,*
*ਲਾ ਕੇ ਰੱਖਣ ਤਾਲੇ ਲੋਕ।*

ਅਤੇ

*ਰੱਬ ਨੂੰ ਲੱਭੀ ਜਾਂਦੇ ਅੱਜ ਵੀ*
*ਲੱਗਦੇ ਬੜੇ ਹਸਾਉਣੇ ਲੋਕ।*

ਕਵਿਤਾ ਕੇਵਲ ਸ਼ਬਦ ਸ਼ਿਲਪ ਨਹੀਂ ਜਾਂ ਸ਼ਾਬਦਿਕ ਕਲਾ-ਬਾਜ਼ੀਆਂ ਜਾਂ ਸ਼ਬਦ ਜਲੌਅ ਨਹੀਂ ਹੈ ਪਰ ਨਾਲ ਹੀ ਕਵਿਤਾ ਨਾਹਰਾ ਜਾਂ ਭਾਸ਼ਣ ਵੀ ਨਹੀਂ ਹੈ। ਦੋਵੇਂ ਕਵਿਤਾ ਨਾਲ ਜੁੜੇ ਭਟਕਾਵ ਹਨ। ਕਿਸੇ ਵਿਸ਼ੇਸ਼ ਵਸਤੂ, ਘਟਨਾ ਜਾਂ ਵਰਤਾਰੇ ਨੂੰ ਸੰਭਵ ਸ਼ਬਦ ਸ਼ਿਲਪ ਤੇ ਕਾਵਿ-ਕੁਸ਼ਲਤਾ ਰਾਹੀਂ ਵੰਚਿਤ-ਵਿਹੂਣੀ ਅਤੇ ਲਿਤਾੜੀ-ਨਿਤਾਣੀ ਲੋਕਾਈ ਦੇ ਹੱਕ 'ਚ ਰੂਪਾਂਤਰਿਤ ਕਰਨਾ ਹੀ ਕਵਿਤਾ ਹੈ। ਸ਼ਾਇਰ ਵਿਸ਼ੇ ਦੀ ਚੋਣ ਤੇ ਆਪਣੇ ਉਦੇਸ਼ ਬਾਰੇ ਸੁਚੇਤ ਹੋਣਾ ਚਾਹੀਦਾ ਹੈ। ਕੋਈ ਵੀ ਸਿਰਜਣਾ ਉਦੇਸ਼ ਰਹਿਤ ਨਹੀਂ ਹੁੰਦੀ। ਪਰ ਉਦੇਸ਼ ਪੂਰਤੀ ਸਪਾਟ ਬਿਆਨੀ ਜਾਂ ਨਾਹਰੇਬਾਜ਼ੀ ਵਿਚ ਨਹੀਂ ਬਦਲਣੀ ਚਾਹੀਦੀ। ਕਵਿਤਾ ਵਿਚਲਾ ਸੁਨੇਹਾ ਉਪਦੇਸ਼ ਤੋਂ ਉਰਾਂ-ਉਰਾਂ ਰਹਿਣਾ ਚਾਹੀਦਾ ਹੈ। ਕਵਿਤਾ 'ਚ ਨੰਗਾ-ਚਿੱਟਾ ਉਪਦੇਸ਼ ਵਰਜਿਤ ਹੈ। ਇਕ ਬਾਰੀਕ/ਸੂਖ਼ਮ ਅੰਤਰ ਬਣਿਆ ਰਹਿਣਾ

ਚਾਹੀਦਾ ਹੈ। ਸੁਰਜੀਤ ਪਾਤਰ ਦਾ ਇਕ ਸ਼ਿਅਰ ਇਸ ਪ੍ਰਸੰਗ 'ਚ ਵੇਖਣਾ ਬਣਦਾ ਹੈ:

*ਧੁੰਦ, ਉਦਾਸੀ, ਬੇਬਸੀ, ਇਹ ਸਭ ਕੁਝ ਕਿ ਜੋ ਚੰਗਾ ਨਹੀਂ,*
*ਮੈਂ ਉਦੈ ਹੋਣਾ ਸਦਾ, ਇਸ ਵਿਚ ਘਿਰੇ ਰਹਿਣਾ ਨਹੀਂ।*

"ਅਮਨ ਦੀ ਘੁੱਗੀ" ਦਾ ਚਿਤੇਰਾ ਤਰਕਸ਼ੀਲ ਹੈ ਅਤੇ ਉਹ ਗਿਆਨ ਦੀ ਆਧਾਰੀ ਮਹੱਤਤਾ ਤੋਂ ਜਾਣੂ ਹੈ। ਹਕੀਕੀ ਗਿਆਨਵਾਨ ਤੇ "ਡਿਗਰੀ" ਹੋਲਡਰਾਂ ਵਿਚਲੇ ਫਰਕ ਦਾ ਉਸ ਨੂੰ ਅਹਿਸਾਸ ਹੈ। ਇਸੇ ਕਰਕੇ ਉਹ ਹਕੀਕੀ ਗਿਆਨ ਦੇ ਪਾਸਾਰੇ ਦੇ ਹੱਕ 'ਚ ਹੈ। ਉਹ ਕੱਟੜਤਾ ਤੇ ਜਾਨੂੰਨ ਦਾ ਵਿਰੋਧੀ ਹੈ। ਉਹ ਮਾਨਵਤਾ ਦੀ ਬਿਹਤਰੀ ਦਾ ਆਸ਼ਕ ਹੈ:

*ਆ ਰੁੱਖਾਂ ਦੇ ਦੁੱਖੜੇ ਸੁਣੀਏ*
*ਨ੍ਹੀਂ ਤਾਂ ਜੰਗਲ ਸੁੱਕ ਜਾਣੇ ਨੇ।*

*ਕੰਮ ਹੀ ਪੂਜਾ ਭਗਤੀ ਹੈ*
*ਏਸੇ ਵਿਚ ਚਿੱਤ ਲਾਈ ਰੱਖ।*

*ਹਰ ਵਰਤਾਰੇ ਪਿੱਛੇ ਕਾਰਨ ਹੈ ਖੜ੍ਹਾ*
*"ਸੱਗੂ" ਹਰ ਕਾਰਨ ਦੇ ਵਿਚ ਵਿਗਿਆਨ ਹੈ।*

*ਮੈਂ ਬਦਲਾਂਗਾ ਦੁਨੀਆਂ ਇਕ ਦਿਨ, ਹਾਲੇ ਹਿੰਮਤ ਬਾਕੀ ਹੈ,*
*ਥੱਕ ਜਾਵਾਂ ਜਾਂ ਅੱਕ, ਝਕ ਜਾਵਾਂ, ਏਨਾ ਨਹੀਂ ਨਿਤਾਣਾ ਮੈਂ।*

*ਲੋੜ ਹੈ ਸਕੂਲ ਦੀ ਤੇ ਥੋੜ ਦਵਾਖ਼ਾਨੇ ਦੀ*
*ਗਲੀ ਗਲੀ ਮੰਦਰ ਬਣਾਈ ਜਾਣਾ ਠੀਕ ਨਹੀਂ।*

*ਅਮਨ ਦੀ ਘੁੱਗੀ ਦੇ ਲਈ ਅੱਧੀ ਕੁ ਮੁੱਠ ਦਾਣੇ ਬੜੇ,*
*ਜੰਗ ਦੇ ਬਘਿਆੜ ਨੂੰ ਕਾਹਤੋਂ ਰਜਾਈਏ ਦੋਸਤੋ?*

*ਲੋਹੜੀ ਦੇ ਭੁੱਗੇ ਵਿਚ ਫੁੱਲੇ ਸੁੱਟੋ, ਤਿਲ ਵੀ ਸਾੜੋ,*
*ਭ੍ਰਿਸ਼ਟਾਚਾਰ ਵੀ ਸੜ ਬਲ ਜਾਵੇ, ਐਸਾ ਯਤਨ ਕਰੋ।*

ਕਿਰਤ ਤੇ ਮਿਹਨਤ ਦੀ ਮਹਿਮਾ ਹਰ ਧਾਰਮਿਕ ਦਰਸ਼ਨ ਵਿਚ ਗਾਈ ਗਈ ਹੈ, ਪਰ ਸਮਾਜਿਕ ਪੱਧਰ 'ਤੇ ਕਿਰਤ ਦੀ ਬੇਕਦਰੀ ਦੀ ਸਾਡੇ ਦੇਸ਼ ਨਾਲੋਂ ਵੱਡੀ ਉਦਾਹਰਣ ਕਿਹੜੀ ਹੋ ਸਕਦੀ ਹੈ? ਕਿਰਤ ਤੇ ਮਿਹਨਤ 'ਚ ਮਨੁੱਖ ਦੀ ਸਵੈ ਇੱਛਾ ਬੇਹੱਦ ਜ਼ਰੂਰੀ ਹੈ। ਕਿਰਤ ਤੇ ਬੰਧੂਆ ਮਜ਼ਦੂਰੀ 'ਚ ਅੰਤਰ ਜ਼ਰੂਰ ਕਰਨਾ ਚਾਹੀਦਾ ਹੈ। ਕਿਰਤ ਕਰਨੀ ਜ਼ਰੂਰੀ ਹੈ, ਪਰ ਕਿਰਤ ਦੀ ਰਾਖੀ ਉਸ ਤੋਂ ਕਿਤੇ ਵੱਧ ਜ਼ਰੂਰੀ ਹੈ। ਸੱਗੂ ਦੀ ਇੱਛਾ ਹੈ:

*ਕਿਰਤੀ ਡੱਬਾ ਰੋਟੀ ਵਾਲਾ ਲੈ ਨਿੱਤ ਕੰਮ ਨੂੰ ਜਾਵੇ,*
*ਨਿੱਤ ਹੀ ਥੈਲਾ ਭਰ ਲਿਆਵੇ, ਐਸਾ ਯਤਨ ਕਰੋ।*

ਪੰਜਾਬੀ ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਦੇ ਇਕ ਸੁਚਰਚਿਤ ਸ਼ਿਅਰ ਨੂੰ ਆਧਾਰ ਬਣਾ ਕੇ ਟਿੱਪਣੀ ਕਰਦਿਆਂ ਕੁਲਬੀਰ ਸੱਗੂ ਇਕ ਸ਼ਿਅਰ ਸਿਰਜਦਾ ਹੈ:

*ਨ੍ਹੇਰਾ ਬੇਸ਼ਕ ਜਰੇ ਨਾ ਜਰੇ ਸੱਚ ਕਹੋ*
*ਸ਼ਮ੍ਹਾਦਾਨ ਦੀਆਂ ਰੀਝਾਂ ਜੀਂਦੀਆਂ ਰੱਖਿਆ ਜੇ!*

ਅਜਿਹੀ ਕਾਵਿਕ ਟਿੱਪਣੀ ਸੰਵਾਦ ਦਾ ਇਕ ਰੂਪ ਹੈ। ਕੁੱਲ ਮਿਲਾ ਕੇ ਸੱਗੂ ਦਾ ਇਹ ਪਲੇਠਾ ਗ਼ਜ਼ਲ ਸੰਗ੍ਰਹਿ ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਕਰਦਾ; ਅਮਨ-ਸ਼ਾਂਤੀ ਦਾ ਸੁਨੇਹਾ ਦਿੰਦਾ ਅਤੇ ਸੰਖੇਪ 'ਚ ਮਾਨਵਤਾ ਨੇ ਜੋ ਅੱਜ ਤੱਕ ਸੁਹਜ ਸਿਰਜਿਆ ਹੈ, ਉਸ ਦੇ ਹੱਕ 'ਚ ਖਲੋਤਾ ਪ੍ਰਤੀਤ ਹੁੰਦਾ ਹੈ। ਉੱਤਮ ਕਾਵਿ/ਸਾਹਿਤ ਦੇ ਗੁਣਾਂ 'ਤੇ ਆਧਾਰਿਤ ਅਤੇ ਉਨ੍ਹਾਂ ਦਾ ਅਨੁਸਰਣ ਤੇ ਪ੍ਰਗਟਾਵਾ ਕਰਦੇ ਇਸ ਗ਼ਜ਼ਲ ਸੰਗ੍ਰਹਿ ਨੂੰ ਜੀ-ਆਇਆਂ ਕਹਿਣਾ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ।

**ਅਨੂਪ ਸਿੰਘ** (**ਡਾ.**)
ਸੀਨੀਅਰ ਮੀਤ ਪ੍ਰਧਾਨ
ਪੰਜਾਬੀ ਸਾਹਿਤ ਅਕਾਡਮੀ
ਲੁਧਿਆਣਾ

# ਸੱਗੂ ਹੋਰਾਂ ਦਾ ਕਿਰਦਾਰ, ਕਾਰ-ਵਿਹਾਰ ਤੇ ਉਨ੍ਹਾਂ ਦੇ ਸਰੋਕਾਰ

ਸ੍ਰੀ ਕੁਲਬੀਰ ਸਿੰਘ ਸੱਗੂ ਦੇ ਜੀਵਨ ਢੰਗ ਵਿਚ ਇਕ ਠਰ੍ਹੰਮਾ, ਧੀਰਜ, ਸਬਰ ਸੰਤੋਖ ਤੇ ਸਹਿਜਤਾ ਦੇਖੀ ਜਾ ਸਕਦੀ ਹੈ। ਧੀਮੀ ਤੇ ਨਿਰੰਤਰ ਚਾਲ ਨਾਲ ਤੁਰੇ ਰਹਿਣਾ ਉਸ ਦੀ ਆਦਤ ਨਹੀਂ ਸਗੋਂ ਸੁਭਾਅ ਬਣ ਚੁੱਕਾ ਹੈ। ਅਜੋਕੀ ਤਰਜ਼ੇ-ਜ਼ਿੰਦਗੀ 'ਚ ਜੋ ਅਣਚਾਹੀ ਤੇ ਤੇਜ਼ੀ ਹੈ ਉਸ ਤੋਂ ਉਸਨੇ ਸੁਚੇਤ ਜਾਂ ਅਚੇਤ ਖੁਦ ਨੂੰ ਬਹੁਤ ਹੀ ਬਚਾ ਕੇ ਰੱਖਿਆ ਹੋਇਆ ਹੈ। ਮੇਰੀ ਜਾਚੇ ਹਥਲਾ ਗ਼ਜ਼ਲ ਸੰਗ੍ਰਹਿ ਦੇਰੀ ਨਾਲ ਪ੍ਰਕਾਸ਼ਿਤ ਹੋਣ ਦਾ ਇਹ ਵੀ ਇਕ ਪ੍ਰਮੁੱਖ ਕਾਰਨ ਹੈ। ਸਾਨੂੰ ਪੰਜਾਬੀ ਲੇਖਕਾਂ ਕਲਮਕਾਰਾਂ ਨੂੰ ਪਤਾ ਹੀ ਹੈ ਕਿ ਸਾਡਾ ਰਚਿਆ ਨਰੋਆ ਸਾਹਿਤ ਵੀ ਕਿਸੇ ਕਾਰੋਬਾਰੀ ਪੰਜਾਬੀ ਪ੍ਰਕਾਸ਼ਕ ਨੇ ਸਾਥੋਂ ਪੈਸੇ ਲਏ ਬਿਨਾਂ ਪ੍ਰਕਾਸ਼ਿਤ ਨਹੀਂ ਕਰਨਾ। ਰਿਆਲਟੀ ਮਿਲਣ ਦੀ ਆਸ ਤਾਂ ਬਿਲਕੁਲ ਹੀ ਨਹੀਂ ਕੀਤੀ ਜਾ ਸਕਦੀ। ਪਰ ਸਾਡੇ ਅਜੀਜ ਵੀਰ ਸੱਗੂ 'ਚ ਇੰਨਾ ਦਮ, ਇੰਨੀ ਧਾਇਆਂ ਚਿਰੋਕੀ ਹੈ ਸੀ ਕਿ ਉਹ ਆਪਣੀ ਕਾਵਿ ਰਚਨਾ ਨੂੰ ਇਕ ਖ਼ੂਬਸੂਰਤ ਪੁਸਤਕ ਦਾ ਰੂਪਾਕਾਰ ਦੇ ਸਕਦਾ। ਪਰ ਉਸ ਨੇ ਧੀਰਜ ਤੇ ਸਬਰ ਸੰਤੋਖ ਹੀ ਰੱਖਿਆ। ਉਹ ਮੱਠੀ-ਮੱਠੀ ਚਾਲੇ ਚੱਲਦਾ ਰਿਹਾ, ਕਲਮ ਚਲਾਉਂਦਾ ਰਿਹਾ। ਆਖਰ ਉਹਦੇ ਸਬਰ ਸੰਤੋਖ ਨੂੰ ਫਲ ਪੈ ਗਿਆ ਹੈ। ਡਾ. ਅਨੂਪ ਸਿੰਘ ਹੋਰਾਂ ਦੀ ਪ੍ਰੇਰਨਾ ਦਾ ਸਦਕਾ ਸਾਡੇ ਅਜੀਜ਼ ਵੀਰ ਨੇ ਆਪਣੀ ਗ਼ਜ਼ਲ ਪਟਾਰੀ ਦਾ ਮੂੰਹ ਪੰਜਾਬੀ ਪਾਠਕਾਂ ਲਈ ਖੋਲ੍ਹ ਦਿੱਤਾ ਹੈ। ਮੇਰੇ ਲਈ ਇਹ ਹਾਰਦਿਕ ਖੁਸ਼ੀ ਮਹਿਸੂਸ ਕਰਨ ਅਤੇ ਇਸ ਖੁਸ਼ੀ ਦਾ ਇਜ਼ਹਾਰ ਕਰਨ ਦਾ ਇਕ ਸੁਅਵਸਰ ਹੈ।

ਸ੍ਰੀ ਕੁਲਬੀਰ ਸੱਗੂ ਨਾਲ ਮੇਰੀ ਪਹਿਲੀ ਜਾਣ-ਪਛਾਣ ਸਾਡੀ ਸਭਾ ਪੰਜਾਬੀ ਲੋਕ ਲਿਖਾਰੀ ਮੰਚ ਨਾਲ ਮੇਰੇ ਜੁੜਨ ਦੇ ਸਬੱਬ ਹੋਈ। ਇਹ ਦੋ ਦਹਾਕਿਆਂ ਤੋਂ ਵੀ ਪਹਿਲਾਂ ਦੀ ਗੱਲ ਹੈ। ਸਭਾ ਦੇ ਮੈਂਬਰ ਬਣਨ ਦਾ ਬੜਾ ਚਾਅ ਸੀ। ਸਭਾ ਦੇ ਜਨਰਲ ਸਕੱਤਰ ਡਾ. ਅਨੂਪ ਸਿੰਘ ਮੈਨੂੰ ਸੱਗੂ ਹੋਰਾਂ ਨੂੰ ਸਭਾ ਦੁਆਰਾ ਰੱਖੀ ਗਈ ਮੀਟਿੰਗ ਬਾਰੇ ਦੱਸਣ ਭੇਜਦੇ। ਇਨ੍ਹਾਂ ਦੇ ਸੱਗੂ ਸ਼ਟਰਿੰਗ ਹਾਊਸ-ਕਮ-ਐਸ.ਟੀ.ਡੀ. ਸੈਂਟਰ 'ਤੇ ਜਾਂਦਾ। ਇਨ੍ਹਾਂ ਨੂੰ ਪੂਰੀ ਰੁਚੀ ਨਾਲ ਕੰਮ 'ਚ ਲੱਗਾ ਵੇਖਦਾ। ਫਿਰ ਵੀ ਇਹ ਮੈਨੂੰ ਗਾਹਕਾਂ ਨੂੰ ਵਣਜਣ ਦੇ ਨਾਲ-ਨਾਲ ਸਮਾਂ ਦਿੰਦੇ। ਮੇਰਾ ਵੀ ਯਤਨ ਹੁੰਦਾ ਕਿ ਕਾਰੋਬਾਰੀ ਸੱਜਣ ਦਾ ਜ਼ਿਆਦਾ ਸਮਾਂ ਲੈਣਾ ਯੋਗ ਨਹੀਂ। ਮੈਨੂੰ ਪਤਾ ਲੱਗਾ ਕਿ ਇਹ ਐਲ.ਆਈ. ਸੀ. ਦਾ ਕੰਮ ਵੀ ਕਰਦੇ ਹਨ। ਇਨ੍ਹਾਂ ਦੀ ਪ੍ਰੇਰਨਾ ਅਤੇ ਆਪਣੀ

ਅੰਤਰੀਵ ਪ੍ਰੇਰਨਾ ਦਾ ਸਦਕਾ ਮੈਂ ਆਪਣੇ ਨਾਂ ਦਾ ਬੀਮਾ ਕਰਾਇਆ। ਇਨ੍ਹਾਂ ਮੇਰੀ ਆਮਦਨ ਤੇ ਮਾਇਕ ਹਾਲਤ ਦੇ ਮੁਤਾਬਕ ਮੇਰਾ ਵੀਹ ਸਾਲ ਦੀ ਅਵਧੀ ਵਾਲਾ ਮਨੀ ਬੈਕ ਪਾਲਿਸੀ ਸਹਿਤ ਬੀਮਾ ਕੀਤਾ ਜਿਸ ਦਾ ਮੈਨੂੰ ਕਾਫੀ ਲਾਭ ਹੋਇਆ। ਬੀਮੇ ਦੀ ਕਿਸ਼ਤ ਦੇਣ ਦੇ ਸਬੱਬ ਇਨ੍ਹਾਂ ਦੇ ਘਰ ਵੀ ਆਉਣ-ਜਾਣ ਬਣਿਆ। ਇਨ੍ਹਾਂ ਦੀ ਉਦਮ ਤੇ ਸੰਘਰਸ਼ ਭਰਪੂਰ ਤਰਜ਼-ਏ-ਜ਼ਿੰਦਗੀ ਅਤੇ ਇਨ੍ਹਾਂ ਦਾ ਚੰਗਾ ਪਰਵਾਰਿਕ ਮਾਹੌਲ ਮੈਨੂੰ ਚੰਗਾ ਲੱਗਾ। ਇਨ੍ਹਾਂ ਦੀ ਆਪਣੇ ਵੱਡੇ ਭਰਾ ਨਾਲ ਇਕਸੁਰਤਾ ਅਤੇ ਇਨ੍ਹਾਂ ਦਾ ਆਪਣੇ ਮਾਤਾ-ਪਿਤਾ ਦਾ ਭਰਪੂਰ ਸਤਿਕਾਰ ਕਰਨਾ ਵੀ ਮੈਨੂੰ ਚੰਗਾ ਲੱਗਦਾ ਹੈ। ਮੇਰਾ ਇਹ ਮੰਨਣਾ ਹੈ ਕਿ ਕਲਮਕਾਰ, ਸਾਹਿਤਕਾਰ, ਕਵੀ, ਲੇਖਕ ਦਾ ਜੇਕਰ ਜੀਵਨ ਵੀ ਚੰਗਾ ਹੈ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿੱਬੜਦੀ ਹੈ। ਇਹ ਗੱਲ ਵੱਖਰੀ ਹੈ ਕਿ ਚੰਗੇ ਜੀਵਨ ਦੀ ਵੀ ਕੋਈ ਇਕ ਸਪਸ਼ਟ ਕਸੌਟੀ ਨਹੀਂ ਹੈ। ਹਰ ਕਿਸੇ ਦਾ ਜ਼ਿੰਦਗੀ ਪ੍ਰਤੀ ਆਪਣਾ ਨਜ਼ਰੀਆ ਹੋ ਸਕਦਾ ਹੈ।

ਸੱਗੂ ਹੋਰੀਂ ਇਕ ਸਾਹਿਤ ਰਸੀਏ ਵੀ ਹਨ ਪਰ ਇਹ ਪੰਜਾਬੀ ਸਾਹਿਤ ਦੇ ਇਕ ਸੁਚੇਤ ਤੇ ਸਜਗ ਪਾਠਕ ਹਨ। ਇਹ ਚੰਗੇ ਤੇ ਨਰੋਏ ਸਾਹਿਤ ਦੀ ਸਦਾ ਭਾਲ 'ਚ ਰਹਿੰਦੇ ਹਨ ਅਤੇ ਸਭਾ ਦੀ ਮੀਟਿੰਗ 'ਚ ਕਦੇ ਕਦਾਈਂ ਭਾਵੇਂ ਨਾ ਆ ਸਕਣ ਪਰ ਸਾਹਿਤ ਪੜ੍ਹਨ ਵਾਸਤੇ ਜਿਵੇਂ-ਕਿਵੇਂ ਸਮਾਂ ਕੱਢ ਹੀ ਲੈਂਦੇ ਹਨ। ਤਰਕਸ਼ੀਲਾਂ ਦੀਆਂ ਸਮਾਜ ਨੂੰ ਜਗਾਉਣ ਤੇ ਭੇਖੀ ਬਾਬਿਆਂ ਤੋਂ ਛੁਡਾਉਣ ਦੀਆਂ ਖ਼ਬਰਾਂ ਤੇ ਰਿਪੋਰਟ ਇਹ ਸਿਰਫ਼ ਪੜ੍ਹਦੇ ਹੀ ਨਹੀਂ ਸਗੋਂ ਉਨ੍ਹਾਂ ਦਾ ਡੂੰਘਾ ਅਧਿਐਨ ਕਰਦੇ ਹਨ। ਤਰਕਸ਼ੀਲ ਵਿਚਾਰਧਾਰਾ ਦੀਆਂ ਪੁਸਤਕਾਂ ਤੇ ਪਤ੍ਰਿਕਾਵਾਂ ਇਹ ਨਾ ਸਿਰਫ਼ ਖੁਦ ਪੜ੍ਹਦੇ ਹਨ ਸਗੋਂ ਉਨ੍ਹਾਂ ਵਿਚਲਾ ਥੀਮ ਤੇ ਸੁਨੇਹਾ ਆਪਣੇ ਨਾਲ ਮੇਲ-ਮੁਲਾਕਾਤ ਕਰਨ ਵਾਲਿਆਂ ਨਾਲ ਵੀ ਸਾਂਝਾ ਕਰਦੇ ਹਨ। ਇਵੇਂ ਮੈਨੂੰ ਲੱਗਦਾ ਹੈ ਕਿ ਜਿਵੇਂ ਇਹ ਤਰਕਸ਼ੀਲ ਲਹਿਰ ਦੇ ਇਕ ਸਵੈਇੱਛਕ ਕਰਮੀ ਹੋਣ। ਭੋਲੀ ਲੋਕਾਈ ਦਾ ਬੇਕਿਰਕੀ ਨਾਲ ਮਾਇਕ, ਸਰੀਰਿਕ, ਮਾਨਸਿਕ ਤੇ ਹੋਰ ਕਈ ਪ੍ਰਕਾਰ ਦਾ ਸ਼ੋਸ਼ਣ ਕਰਨ ਵਾਲੇ ਬਾਬਿਆਂ ਵਿਰੁੱਧ ਸੱਗੂ ਹੋਰਾਂ ਦੀ ਘਿਰਣਾ ਬੜੀ ਤਿੱਖੀ ਹੈ। ਹੱਥਲੇ ਗ਼ਜ਼ਲ ਸੰਗ੍ਰਹਿ 'ਚ ਇਸ ਪੱਖੋਂ ਕਈ ਗ਼ਜ਼ਲਾਂ ਅਤੇ ਕੁਝ ਗ਼ਜ਼ਲਾਂ ਦੇ ਚੋਣਵੇਂ ਸ਼ਿਅਰ ਪੜ੍ਹੇ ਜਾ ਸਕਦੇ ਹਨ।

ਗ਼ਜ਼ਲ ਜੋ ਫ਼ਾਰਸੀ ਉਰਦੂ ਭਾਸ਼ਾਵਾਂ ਤੋਂ ਆਈ ਇਕ ਵਿਧਾ ਹੈ ਇਸ ਨੂੰ ਪੰਜਾਬੀ ਭਾਸ਼ਾ ਨੇ ਉੱਚੇ-ਸੁੱਚੇ ਸਨੇਹ ਤੇ ਮੋਹ ਨਾਲ ਅਪਣਾਇਆ ਹੈ। ਪੰਜਾਬੀ ਗ਼ਜ਼ਲਕਾਰਾਂ ਦੇ ਭਰਵੇਂ ਜਤਨਾਂ ਦਾ ਸਦਕਾ ਪੰਜਾਬੀ ਗ਼ਜ਼ਲ ਨੇ ਬਹੁਤ ਵਿਕਾਸ ਕੀਤਾ ਹੈ ਖਾਸ ਕਰਕੇ ਸਮਾਜਕ ਸਭਿਆਚਾਰਕ ਸਰੋਕਾਰਾਂ ਨੂੰ ਗ਼ਜ਼ਲਾਂ 'ਚ ਲਿਆ ਕੇ ਇਸ ਦੇ ਵਿਸ਼ੇ-ਖੇਤਰ ਨੂੰ ਬਹੁਤ ਮੋਕਲਾ, ਲੋਕ-ਕਲਿਆਣਕਾਰੀ ਤੇ ਅਰਥ

ਭਰਪੂਰ ਬਣਾ ਦਿੱਤਾ ਹੈ। ਲਹਿੰਦੇ ਅਤੇ ਚੜ੍ਹਦੇ ਦੋਨਾਂ ਪੰਜਾਬਾਂ ਵਿਚ ਬਹੁਤ ਚੰਗੀ ਗ਼ਜ਼ਲ ਰਚਣ ਵਾਲੇ ਗ਼ਜ਼ਲਗੋ/ਗ਼ਜ਼ਲਕਾਰ ਹਨ। ਆਪਣੇ ਜੀਵਨ-ਕਾਲ ਵਿਚ ਸਾਧੂ ਸਿੰਘ ਹਮਦਰਦ ਨੇ ਗ਼ਜ਼ਲ ਨੂੰ ਇੰਨਾਂ ਉਭਾਰਿਆ ਕਿ ਇਹ ਹੋਰ ਕਾਵਿ-ਵਿਧਾਵਾਂ ਨੂੰ ਪਿੱਛੇ ਛੱਡਦੀ ਨਜ਼ਰ ਆਉਣ ਲੱਗੀ। ਅੱਜ ਗ਼ਜ਼ਲ ਸਾਹਿਤ-ਸਮਾਗਮਾਂ ਦੀ ਸਭ ਤੋਂ ਵੱਧ ਲੋਕਪ੍ਰਿਯ ਵਿਧਾ ਦਾ ਮਾਣ-ਸਨਮਾਨ ਆਪਣੀ ਝੋਲੀ ਪੁਆ ਚੁੱਕੀ ਹੈ। ਇਹ ਗੱਲ ਵੱਖਰੀ ਹੈ ਕਿ ਗ਼ਜ਼ਲ ਦੇ ਨਾਂ 'ਤੇ ਮੇਰੇ ਜਿਹੇ ਕਚਘਰੜ ਤੇ ਸਿਖਾਂਦਰੂ ਸਿਰਫ ਤੁਕਬੰਦੀ ਜਿਹੀ ਵੀ ਕਰ ਰਹੇ ਹਨ। ਦਰਅਸਲ ਗ਼ਜ਼ਲ ਬਿਆਨ ਦੀ ਬਹੁਤ ਉੱਚੀ ਖ਼ਿਆਲ ਉਭਾਰੀ, ਕਲਪਨਾ, ਖ਼ਿਆਲ ਦੀ ਡੂੰਘਾਈ ਤੇ ਖਾਸ ਅਦਾਇਗੀ ਦੀ ਮੰਗ ਕਰਦੀ ਹੈ ਜੋ ਚੋਣਵੇਂ ਗ਼ਜ਼ਲਕਾਰਾਂ ਨੂੰ ਹੀ ਨਸੀਬ ਹੁੰਦੀ ਹੈ ਜੋ ਆਪਣੇ ਸ਼ਿਅਰਾਂ ਨੂੰ ਮਾਂਜਣ, ਸੁਆਰਨ ਤੇ ਚਮਕਾਉਣ ਵਾਸਤੇ ਕਰੜੀ ਤੇ ਨਿਰੰਤਰ ਘਾਲਣਾ ਘਾਲਦੇ ਹਨ, ਜਿਹੜੇ ਪੂਰਵਕਾਲੀ ਤੇ ਸਮਕਾਲੀ ਗ਼ਜ਼ਲਕਾਰਾਂ ਦੀਆਂ ਕਿਰਤਾਂ ਨੂੰ ਡੂੰਘਾਈ ਨਾਲ ਪੜ੍ਹਦੇ ਸੁਣਦੇ ਹਨ ਪਰ ਆਪਣੀ ਮੌਲਿਕਤਾ ਪ੍ਰਤੀ ਵੀ ਬੇਹੱਦ ਸੁਚੇਤ ਤੇ ਸੰਵੇਦਨਸ਼ੀਲ ਰਹਿੰਦੇ ਹਨ। ਸ੍ਰੀ ਕੁਲਬੀਰ ਸੱਗੂ ਵਿਚ ਮੈਨੂੰ ਅਜਿਹੇ ਗੁਣਾਂ ਦੇ ਸੰਚਾਰ-ਸਮਾਵੇਸ਼ ਦਾ ਘੱਟੋ-ਘੱਟ ਝਲਕਾਰਾ ਜ਼ਰੂਰ ਦਿੱਸਦਾ ਹੈ। ਸਾਡੇ ਆਪਣੇ ਸਾਹਿਤਕ ਕਿਰਤਾਂ ਦੀ ਰਚਨਾ ਪੱਖੋਂ ਅਤਿ ਜਰਖੇਜ਼ ਬਟਾਲੇ 'ਚ ਦਰਜਨਾਂ ਚੰਗੇ ਪੰਜਾਬੀ ਗ਼ਜ਼ਲਕਾਰ ਸੁਣਨ ਪੜ੍ਹਨ 'ਚ ਆਂਦੇ ਰਹੇ ਹਨ ਜੋ ਇਸ ਰਾਹ 'ਤੇ ਤੁਰੇ ਜਾਂਦੇ ਮੰਜ਼ਲਾਂ ਹਾਸਲ ਕਰ ਰਹੇ ਹਨ। ਜੇਕਰ ਬਾਕੀ ਗੁੱਸਾ ਨਾ ਕਰ ਲੈਣ ਤਾਂ ਉਦਾਹਰਣ ਵਜੋਂ ਮੈਨੂੰ ਸੁਲਤਾਨ ਭਾਰੀਤ, ਜਸਵੰਤ ਹਾਂਸ ਅਤੇ ਡਾ. ਰਵਿੰਦਰ ਹੋਰਾਂ ਦੇ ਸ਼ਿਅਰ ਬੇਹੱਦ ਵਿਸਮਾਦ ਪ੍ਰਦਾਨ ਕਰਦੇ ਹਨ, ਜਰੂਰ ਹੋਰਾਂ ਨੂੰ ਵੀ ਕਰਦੇ ਹੋਣਗੇ। ਅਜਿਹੇ ਪੰਜਾਬੀ ਗ਼ਜ਼ਲਕਾਰਾਂ ਨੇ ਹੀ ਪੰਜਾਬੀ ਗ਼ਜ਼ਲ ਨੂੰ ਫਾਰਸੀ ਉਰਦੂ ਦੀ ਜ਼ੁਲਫ, ਸੁਰਾਹੀ, ਸਾਕੀ, ਪੈਮਾਨੇ ਆਦਿ ਨਾਲ ਭਰੀ ਸ਼ਬਦਾਵਲੀ-ਬਿੰਬਾਵਲੀ ਤੋਂ ਬਹੁਤ ਹੱਦ ਤਕ ਆਜ਼ਾਦ ਕਰਾਇਆ ਹੈ ਪਰ ਫਾਰਸੀ ਉਰਦੂ ਦੀ ਨਾਜ਼ੁਕ ਬਿਆਨੀ ਤੇ ਆਦ ਅਦਾਇਗੀ ਦਾ ਇਨ੍ਹਾਂ ਨੂੰ ਸੁਚੇਤ ਖ਼ਿਆਲ ਤੇ ਸ਼ਿੱਦਤ ਭਰਿਆ ਅਹਿਸਾਸ ਹੈ। ਪੰਜਾਬੀ ਗ਼ਜ਼ਲ ਅੱਜ ਕਵੀ ਦਰਬਾਰਾਂ ਤੇ ਸਾਹਿਤਕ ਸਮਾਗਮਾਂ ਦੀ ਪਸੰਦੀਦਾ ਵੰਨਗੀ ਦੇ ਰੂਪ 'ਚ ਸਰਬ ਪ੍ਰਵਾਨਿਤ ਹੈ। ਇਹ ਹੁਣ ਸ਼ਾਹੀ ਦਰਬਾਰਾਂ ਦਾ ਸ਼ਿੰਗਾਰ ਤਾਂ ਨਹੀਂ ਕਿਉਂਕਿ ਅੱਜ ਜ਼ਮਾਨਾਂ ਹੀ ਲੋਕਤੰਤਰ ਦਾ ਹੈ ਪਰ ਸਾਹਿਤ ਰਸੀਆਂ ਦੇ ਦਿਲਾਂ ਦੀ ਧੜਕਨ ਤੇ ਰਾਣੀ ਜ਼ਰੂਰ ਹੈ। ਮੇਰੀ ਸਾਰੇ ਚੰਗੇ ਪੰਜਾਬੀ ਗ਼ਜ਼ਲਕਾਰਾਂ ਨੂੰ ਹਾਰਦਿਕ ਸਲਾਮ ਹੈ। 'ਅਮਨ ਦੀ ਘੁੱਗੀ' ਭਾਵੇਂ ਸੱਗੂ ਹੋਰਾਂ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਹੈ ਪਰ ਇਸ 'ਚ ਪ੍ਰਕਾਸ਼ਿਤ ਗ਼ਜ਼ਲਾਂ ਸਾਡੇ ਇਸ ਹੋਣਹਾਰ ਵੀਰ ਦੀ ਬਿਹਤਰ ਤੇ ਲੋਕ ਕਲਿਆਣਕਾਰੀ ਨਜ਼ਰ, ਅਗਾਂਹਵਧੂ ਸਮਾਜਿਕ ਸੋਚ, ਕੌਮੀ ਚੇਤਨਾਂ, ਮਾਨਵਤਾਵਾਦੀ ਦ੍ਰਿਸ਼ਟੀ, ਰਾਜਨੀਤਿਕ ਚੇਤਨਤਾ, ਸਾਫ਼ ਸੁਥਰੀ ਸਦਾਚਾਰਕ ਪਹੁੰਚ ਵਾਲੀ ਇੱਕੋ ਸਮੇਂ ਸੁਧਾਰਵਾਦੀ ਅਤੇ

ਇਨਕਲਾਬੀ ਵਿਚਾਰਧਾਰਾ ਦੀ ਕਾਫੀ ਭਰਵੀਂ ਸ਼ਮੂਲੀਅਤ ਦਾ ਆਤ-ਪਤਾ ਦਿੰਦੀਆਂ ਹਨ। ਸਾਡਾ ਕਲਮਕਾਰ ਸੰਤ ਬਲਬੀਰ ਸਿੰਘ ਸੀਂਚੇਵਾਲ ਅਤੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੇ ਮਾਨਵ ਕਲਿਆਣਕਾਰੀ ਤੇ ਖਾਸ ਕਰਕੇ ਵਾਤਾਵਰਣ ਸੰਭਾਲ ਹਿਤ ਕੀਤੇ ਮਹਾਨ ਕਾਰਜਾਂ ਦੀ ਮੁਕਤ ਕੰਠ ਨਾਲ ਪ੍ਰਸ਼ੰਸਾ ਕਰਦਿਆਂ ਇਕ ਸੁਨੇਹਾ ਦਿੰਦਾ ਜਾਪਦਾ ਹੈ ਕਿ ਸਹੀ ਅਰਥਾਂ ਵਿਚ ਸੰਤ ਦਾ ਅਜਿਹਾ ਵੀ ਲੋਕ-ਕਲਿਆਣਕਾਰੀ ਕਿਰਦਾਰ ਵਿਹਾਰ ਹੋਣਾ ਚਾਹੀਦਾ ਹੈ, ਜੇਕਰ ਤੁਸੀਂ ਸੰਤ ਬਾਣਾ ਪਹਿਨਦੇ ਹੋ ਤਾਂ ਤੁਹਾਡੇ ਕਰਮ, ਤੁਹਾਡੇ ਅਮਲ ਸਮਾਜਿਕ ਬੁਰਾਈਆਂ ਤੇ ਅਲਾਮਤਾਂ ਨੂੰ ਦੂਰ ਕਰਨ 'ਚ ਠੋਸ ਹਿੱਸਾ ਪਾਉਣ ਵਾਲੇ ਹੋਣੇ ਚਾਹੀਦੇ ਹਨ। ਸੱਚਮੁਚ ਜੇਕਰ ਸਾਡੇ ਪੰਜਾਬ 'ਚ ਸੈਂਕੜੇ ਹਜ਼ਾਰਾਂ ਸੰਤ ਬਾਬੇ ਸਮਾਜ ਸੁਧਾਰ ਦਾ ਕਾਰਜ ਆਪਣੇ ਜ਼ਿੰਮੇ ਲੈਣ, ਆਪਣੇ ਲੋਕ-ਲੋਟੂ ਕਿਰਦਾਰ ਵਿਹਾਰ ਪਰ੍ਹੇ ਵਗਾਹ ਮਾਰਨ ਤਾਂ ਪੰਜਾਬ ਦੀ ਕਾਇਆ ਕਲਪ ਦੀ, ਖੜੋਤ ਦਾ ਸ਼ਿਕਾਰ ਹੋ ਚੁੱਕੀ ਵਿਕਾਸ ਤੋਰ ਅੱਗੇ ਤੁਰ ਸਕਦੀ ਹੈ। ਅਸਲ 'ਚ ਪੰਜਾਬ ਦੇ ਲੋਕ ਸੰਤ ਬਾਵੇ ਦੇ ਪਿੱਛੇ ਲੱਗਦੇ ਹਨ, ਇਹ ਗੱਲ ਇਨ੍ਹਾਂ ਦੀ ਮਾਨਸਿਕਤਾ 'ਚ ਹੈ। ਇਹ ਖ਼ਿਆਲ ਵੈਸੇ ਮੇਰਾ ਆਪਣਾ ਹੈ, ਕੁਲਬੀਰ ਸੱਗੂ ਹੋਰਾਂ ਦਾ ਨਹੀਂ; ਉਨ੍ਹਾਂ ਦੇ ਅਚੇਤ ਮਨ 'ਚ ਇਸ ਦਾ ਅੰਸ਼ ਮਾਤਰ ਭਾਵੇਂ ਹੋਵੇ। ਸੱਗੂ ਹੋਰਾਂ ਦੁਆਰਾ ਰਚੀਆਂ ਗ਼ਜ਼ਲਾਂ ਦੇ ਦਰਜਨਾਂ ਸ਼ਿਅਰ ਇੰਨੇ ਪ੍ਰਭਾਵਕਾਰੀ ਤੇ ਕਾਰਆਮਦ ਸਿੱਧ ਹੋ ਸਕਣ ਦੀ ਸੰਭਾਵਨਾ ਰੱਖਦੇ ਹਨ ਕਿ ਇਹ ਪਹਿਲਾਂ ਹੀ ਭਲੇ ਪਾਸੇ ਤੁਰਨ ਵਾਲਿਆਂ ਨੂੰ ਹੋਰ ਪ੍ਰਪੱਕਤਾ ਨਾਲ ਤੁਰੇ ਰਹਿਣ ਵਾਸਤੇ ਸਹਾਇਕ ਅਤੇ ਜੀਵਨ-ਪੰਧ 'ਤੇ ਅਟਕ ਚੁੱਕਿਆਂ ਨੂੰ ਮੁੜ ਤੁਰ ਪੈਣ ਵਾਸਤੇ ਪ੍ਰੇਰਕ ਸਿੱਧ ਹੋ ਸਕਦੇ ਹਨ। ਦਰਜ਼ਨਾ ਸ਼ਿਅਰ ਸਕੂਲਾਂ ਕਾਲਜਾਂ ਦੇ ਅਹਾਤਿਆਂ ਅਤੇ ਕਲਾਸ ਰੂਮਾਂ 'ਚ ਮੋਟੇ, ਸਾਫ ਸੁਥਰੇ ਤੇ ਸੁਹਣੀ ਤਰ੍ਹਾਂ ਲਿਖੇ ਅੱਖਰਾਂ ਦੇ ਮਾਧਿਅਮ ਨਾਲ ਵਿਦਿਆਰਥੀ ਵਰਗ ਨੂੰ ਸੁਚੇਤ ਕਰਨ ਤੇ ਸਮਾਜਿਕ ਤੇ ਕੌਮੀ ਕਾਰਜਾਂ ਨਾਲ ਜੁੜਨ ਦੀ ਪ੍ਰੇਰਨਾ ਦੇ ਸਦਕੇ ਹਨ। ਮੈਂ ਆਪਣੇ ਇਸ ਬਹੁਤ ਹੋਣਹਾਰ ਅਜੀਜ਼ ਵੀਰ ਦੇ ਇਸ ਪਲੇਠੇ ਗ਼ਜ਼ਲ ਸੰਗ੍ਰਹਿ ਨੂੰ ਹਾਰਦਿਕ ਖ਼ੁਸ਼ਆਮਦੀਦ ਆਖਦਾ ਹਾਂ।

**ਸੁਰਿੰਦਰ ਸਿੰਘ ਨਿਮਾਣਾ**
ਜਨਰਲ ਸਕੱਤਰ
ਪੰਜਾਬੀ ਲੋਕ ਲਿਖਾਰੀ ਮੰਚ
ਬਟਾਲਾ।
88727-35111

# .ਗ਼ਜ਼ਲ

ਟੁੱਟੇ ਨਾ ਸੰਵਾਦ ਬਹਿ ਕੇ ਗੱਲ ਕਰੀਏ
ਮੁੱਕ ਜੂ ਵਾਦ ਵਿਵਾਦ ਬਹਿ ਕੇ ਗੱਲ ਕਰੀਏ।

ਗ਼ੈਰਾਂ ਆਖੇ ਝੁੱਗਾ ਚੌੜ ਕਰਾਈਏ ਨਾ
ਨਾ ਹੋਈਏ ਬਰਬਾਦ ਬਹਿ ਕੇ ਗੱਲ ਕਰੀਏ।

ਹਰ ਮੁਸ਼ਕਲ ਦਾ ਹੱਲ ਵੀ ਕੋਈ ਹੁੰਦਾ ਹੈ
ਕਰੀਏ ਹੱਲ ਈਜਾਦ ਬਹਿ ਕੇ ਗੱਲ ਕਰੀਏ।

ਇੱਕੋ ਨੂਰ ਤੋਂ ਉਪਜੇ ਤਾਂ ਝਗੜਾ ਕਾਹਦਾ
ਇੱਕੋ ਸਭ ਦੀ ਜਾਤ ਬਹਿ ਕੇ ਗੱਲ ਕਰੀਏ।

ਏਧਰ ਓਧਰ ਦਿਲ ਕਰੋੜਾਂ ਕਰਦੇ ਨੇ
ਇੱਕੋ ਹੀ ਫਰਿਆਦ ਬਹਿ ਕੇ ਗੱਲ ਕਰੀਏ।

ਨਫ਼ਰਤ ਵਾਲੀਆਂ ਪੁੱਟ ਸੁਰੰਗਾਂ ਧਰਤੀ ’ਚੋਂ
ਪਿਆਰ ਦੀ ਪਾਈਏ ਖ਼ਾਦ ਬਹਿ ਕੇ ਗੱਲ ਕਰੀਏ।

ਅਮਨ ਸੁਨੇਹਾ ਦੇਵੇ ਜੋ ਸ਼ਾਇਰ, ਲੇਖਕ
ਉਸਨੂੰ ਦੇਈਏ ਦਾਦ ਬਹਿ ਕੇ ਗੱਲ ਕਰੀਏ।

# .ਗ਼ਜ਼ਲ (ਗੁਜਰਾਤ ਦੇ ਦੰਗਿਆਂ 'ਤੇ)

ਦੇਸ਼ ਦੇ ਰਾਖੇ ਵਿਚਰਣ ਵਾਂਗ ਲੁਟੇਰਿਆਂ ਦੇ
ਰੋਵਣਹਾਰੇ ਲੱਗਦੇ ਮੁੱਖ ਬਨੇਰਿਆਂ ਦੇ।

ਰਾਜ ਧਰਮ ਨੂੰ ਭੁੱਲ ਬੈਠੇ ਵੇਖੋ ਰਾਜੇ
ਰੌਸ਼ਨੀ ਵਾਲਿਆਂ ਨੂੰ ਡਰ ਪੈ ਗਏ ਨ੍ਹੇਰਿਆਂ ਦੇ।

ਸੂਰਜ ਤੱਕ ਤੱਕ ਸ਼ਰਮਸਾਰ ਹੋਈ ਜਾਂਦਾ ਹੈ
ਸੂਰਜਵੰਸ਼ੀ ਕਰਨ ਸ਼ਿਕਾਰ ਬਟੇਰਿਆਂ ਦੇ।

ਸਰਕਾਰੀ ਸ਼ਹਿ ਸਭ ਨੂੰ ਸ਼ੇਰ ਬਣਾ ਦੇਂਦੀ
ਕਿੱਸੇ ਸਭ ਨੂੰ ਪਤੈ ਇਨ੍ਹਾਂ ਦੇ ਜੇਰਿਆਂ ਦੇ।

ਕੁੱਲੀ ਗੁੱਲੀ ਜੁੱਲੀ ਨਹੀਂ ਮਿਲੇਗਾ ਰਾਮ
ਡੱਕਰੇ ਕਰ ਦਿਓ ਬੱਚਿਆਂ, ਬੁੱਢਿਆਂ ਠੇਰਿਆਂ ਦੇ।

ਨਾਇਡੂ ਮਮਤਾ ਸ਼ਾਂਤਾ ਚੁੱਪੀ ਵੱਟ ਗਏ
ਟੁੱਕਰਬੋਚ ਇਹ ਬਣ ਗਏ ਬੱਸ ਬਨੇਰਿਆਂ ਦੇ।

ਉਠੋ ਜਵਾਨੋ ਹੰਭਲਾ ਮਾਰੋ ਪ੍ਰਣ ਕਰੋ
ਰਾਜ ਭਾਗ ਨਾ ਦੇਣਾ ਹੱਥ ਲੁਟੇਰਿਆਂ ਦੇ।

# ਗ਼ਜ਼ਲ

ਵਹਿਮਾਂ ਤੇ ਪਾਖੰਡਾਂ ਦੇ ਵਿਚ ਗਰ ਰਿਹੈ
ਵੇਖੋ ਬੰਦਾ ਆਪਣੇ ਰੱਬ ਤੋਂ ਡਰ ਰਿਹੈ।

ਖ਼ੁਦ ਬਣਾ ਕੇ ਮਿੱਟੀ ਗਾਰੇ ਦੇ ਭਵਨ
ਵਿਚ ਦਲ੍ਹੀਜਾਂ ਮੱਥੇ ਖ਼ੁਦ ਰਗੜ ਰਿਹੈ।

ਵਰਤੇ ਫੈਕਸ, ਸੈੱਲ ਫੋਨ ਕੰਪਿਊਟਰਾਂ
ਨਾਲੇ ਸਿਜਦੇ ਚੰਨ ਸੂਰਜ ਨੂੰ ਕਰ ਰਿਹੈ।

ਜੋਤਸ਼ੀ ਬਿਲਕੁਲ ਸ਼ਰਮ ਕਰਦਾ ਨਹੀਂ
ਰਾਸ਼ੀਫਲ ਲਈ ਵਰਤ ਕੰਪਿਊਟਰ ਰਿਹੈ।

ਇਤਿਹਾਸ ਕਿ ਮਿਥਿਹਾਸ ਦੱਸੇ ਭੇਦ ਨਾ
ਪਰਚਾਰਕ ਦੌਲਤ ਲਈ ਟੇਪਾਂ ਭਰ ਰਿਹੈ।

ਪੱਥਰ ਸੱਪਾਂ ਗਊਆਂ ਪੂਜੇ ਰਾਤ ਦਿਨ
ਮਾਨਵਤਾ ਲਈ ਫਰਜ਼ਾਂ ਤੋਂ ਕਤਰ ਰਿਹੈ।

ਤਾਂਤ੍ਰਿਕਾਂ ਤੇ ਸੁਆਮੀਆਂ ਦੀ ਖੁੱਲ੍ਹੀ ਪੋਲ
ਝੂਠ ਨੇ ਮਰਨਾ ਸੀ ਆਖ਼ਰ ਮਰ ਰਿਹੈ।

# ਗ਼ਜ਼ਲ

ਸੁੱਚੀ ਯਾਰ ਦੀ ਯਾਰੀ ਹੈ
ਏਹੋ ਅਸਲ ਖ਼ੁਮਾਰੀ ਹੈ।

ਇਸ਼ਕ ਵਫ਼ਾ ਤੇ ਮਿੱਤਰਤਾ
ਵੱਸ ਨਾ ਹਾਰੀ-ਸਾਰੀ ਹੈ।

ਬਾਬੇ ਆ ਗਏ ਸਾਡੇ ਪਿੰਡ
ਲੁੱਟਣ ਦੀ ਤਿਆਰੀ ਹੈ।

ਦੁੱਧ ਵਿਚ ਕੀ ਹੈ ਪਤਾ ਨਹੀਂ
ਕਿੰਝ ਕਹੀਏ ਗੁਣਕਾਰੀ ਹੈ।

ਅੱਜ ਟੁਰਿਐ ਕੋਈ ਕੱਲ੍ਹ ਟੁਰ ਜੂ
ਆਪਣੀ ਆਪਣੀ ਵਾਰੀ ਹੈ।

ਰੁੱਖਾਂ ਦੇ ਸੰਗ ਮਿੱਤਰਤਾ
ਨਾਲ ਮਨੁੱਖਤਾ ਯਾਰੀ ਹੈ।

ਉਹ ਮੁਸ਼ਕਲ ਕਿੰਜ ਹੱਲ ਹੋ ਜੂ
ਜਿਸਨੂੰ ਸ਼ਹਿ ਸਰਕਾਰੀ ਹੈ।

# ਗ਼ਜ਼ਲ

ਕਰੋ ਫੇਰ ਹੀਲਾ ਕਰੋ ਫੇਰ ਚਾਰਾ
ਮਿਲੇਗੀ ਹਾਂ ਮੰਜ਼ਲ ਮਿਲੇਗਾ ਕਿਨਾਰਾ।

ਉਗ ਜਾਵੇਗੀ ਆਪੇ ਤਲੀਆਂ 'ਤੇ ਸਰਸੋਂ
ਹਥੇਲੀ ਦੀ ਹਿੰਮਤ ਦਾ ਮੰਨ ਕੇ ਇਸ਼ਾਰਾ।

ਤੁਰੇ ਆਓ ਕੱਲੇ ਜੇ ਨਹੀਂ ਸਾਥ ਕੋਈ
ਸਹਾਰਾ ਬਣੋ ਖ਼ੁਦ ਨਾ ਲੱਭੋ ਸਹਾਰਾ।

ਵੇਹੜਾ ਸੀ ਸਾਂਝਾ ਕੰਡੇ ਕਿਥੋਂ ਆਏ
ਕਿਸਦਾ ਕਸੂਰ ਹੈ ਇਹ, ਹੈ ਕਿਸਦਾ ਕਾਰਾ।

ਫਿਰ ਦੁਨੀਆਂ ਸਾਰੀ ਲੱਗੀ ਮੈਨੂੰ ਕੌੜੀ
ਤੱਕਿਆ ਤਿਰੇ ਨੈਣੀਂ ਇਕ ਹੰਝੂ ਖਾਰਾ।

ਖੜ੍ਹ ਦੋ ਕੁ ਪਲ ਹੋਰ ਸੱਜਣਾ ਮੈਂ ਤੱਕ ਲਾਂ
ਕੀ ਹੈ ਭਰੋਸਾ ਮਿਲੇਂ ਕਦ ਦੁਬਾਰਾ।

ਸਮਾਂ ਆ ਰਿਹੈ ਫਿਰ ਮੁਹੱਬਤ ਰਹੇਗੀ
ਕਿ ਨਫ਼ਰਤ ਦਿਲਾਂ 'ਚੋਂ ਕਰੇਗੀ ਕਿਨਾਰਾ।

# ਗ਼ਜ਼ਲ

ਲੰਮੀਆਂ ਕਾਲੀਆਂ ਸੜਕਾਂ ਪੈਂਡਾ ਮੁੱਕਦਾ ਨਈਂ
ਮੰਜ਼ਲ ਓਹੀ ਪਾਊ ਜਿਹੜਾ ਰੁਕਦਾ ਨਈਂ।

ਚੰਨ ਤੇ ਤਾਰੇ ਝੱਟ ਬਦਲੀ ਵਿਚ ਲੁਕ ਜਾਂਦੇ
ਚੜ੍ਹਿਆ ਸੂਰਜ ਥੋੜ੍ਹੀ ਕੀਤੇ ਲੁਕਦਾ ਨਈਂ।

ਮੁਕਤੀ ਦਾ ਰਾਹ ਦੱਸਣ ਵਾਲੇ ਬਾਹਲੇ ਨੇ
ਕੋਲ ਕਿਸੇ ਇਲਾਜ ਅਜੇ ਪਰ ਭੁੱਖ ਦਾ ਨਈਂ।

ਰੱਬ ਨੂੰ ਪਿਆਰ ਕਰਨ ਦਾ ਦਾਵ੍ਹਾ ਕਰਦੇ ਸਭ
ਮੈਨੂੰ ਲੱਭਿਆ ਅੱਜ ਤੱਕ ਯਾਰ ਮਨੁੱਖ ਦਾ ਨਈਂ।

ਗ਼ਮਾਂ ਤੇ ਦਰਦਾਂ ਦਿਲ ਵਿਚ ਡੇਰੇ ਲਾਏ ਨੇ
ਪਤਾ ਠਿਕਾਣਾ ਅੱਜ ਤੱਕ ਕਿਧਰੇ ਸੁਖ ਦਾ ਨਈਂ।

# ਗ਼ਜ਼ਲ

ਤੇਰੀ ਹਰ ਗੱਲ ਨੋਟਾਂ ਨਾਲ
ਮੇਰਾ ਸਾਥ ਏ ਤੋਟਾਂ ਨਾਲ।

ਚਿੜੀ ਲਿਆਵੇ ਮਹਿੰਗਾ ਚੋਗ
ਵੰਡ ਕੇ ਖਾਵੇ ਬੋਟਾਂ ਨਾਲ।

ਮਹਿੰਗੀਆਂ ਕਾਰਾਂ ਚੜ੍ਹਦੇ ਆਪ
ਦੇਣ ਉਪਦੇਸ਼ ਲੰਗੋਟਾਂ ਨਾਲ।

ਦਾਰੂ ਨਹੀਂ ਬੀਮਾਰੀ ਹੈ
ਕਦੀ ਨਾ ਲਾਵੀਂ ਹੋਠਾਂ ਨਾਲ।

ਕੁਰਸੀ ਮਿਲਦੀ ਵੋਟਾਂ ਨਾਲ
ਵੋਟਾਂ ਲੈ ਲਓ ਨੋਟਾਂ ਨਾਲ।

# .ਗ਼ਜ਼ਲ

ਚਿੱਟੀ ਚੜ੍ਹੀ ਸਵੇਰ ਕਿ ਵੇਲਾ ਜਾਗਣ ਦਾ
ਹੋਰ ਨਾ ਲਾਵੋ ਦੇਰ ਕਿ ਵੇਲਾ ਜਾਗਣ ਦਾ।

ਰੋਕੋ ਕੋਈ ਅੱਜ ਜਵਾਨੀ ਰੁੜ੍ਹ ਚੱਲੀ
ਨਸ਼ਿਆਂ ਨੇ ਲਈ ਘੇਰ ਕਿ ਵੇਲਾ ਜਾਗਣ ਦਾ।

ਅੱਜ ਹੈ ਜੋ ਉਹ ਭਲਕੇ ਕੱਲ੍ਹ ਹੋ ਜਾਵੇਗਾ
ਅੱਜ ਨਾ ਆਊ ਫੇਰ ਕਿ ਵੇਲਾ ਜਾਗਣ ਦਾ।

ਤੇਰੀ ਕਿਰਤ ਨੂੰ ਲੁੱਟਣ ਦੇ ਲਈ ਕਾਹਲੇ ਨੇ
ਬਾਬੇ ਚਿਮਟਾ-ਫੇਰ ਕਿ ਵੇਲਾ ਜਾਗਣ ਦਾ।

ਏਡਜ਼ ਦਾ ਹੈ ਖ਼ਤਰਾ ਗ਼ਲਤੀ ਮਹਿੰਗੀ ਹੈ
ਨਾ ਪਛਤਾਉਣਾ ਫੇਰ ਕਿ ਵੇਲਾ ਜਾਗਣ ਦਾ।

# ਗ਼ਜ਼ਲ

ਜਿਸਦੇ ਪੇਟ ਨਾ ਰੋਟੀ ਹੈ
ਉਸ ਲਈ ਹਰ ਗੱਲ ਖੋਟੀ ਹੈ।

ਟੀਚਰ ਨਈਂ ਚਰਵਾਹਾ ਹੈ
ਜਿਸਦੇ ਹੱਥ ਵਿਚ ਸੋਟੀ ਹੈ।

ਰਹੋ ਜਾਗਦੇ ਸੌਣਾ ਨਾ
ਪੁਲਸ–ਚੋਰ ਦੀ ਜੋਟੀ ਹੈ।

ਨਾ ਤਸਕਰ ਨਾ ਨੇਤਾ ਹਾਂ
ਮੇਰੀ ਕਿਸਮਤ ਖੋਟੀ ਹੈ।

ਬਾਬੇ ਠੱਗਦੇ ਓਹਨਾਂ ਨੂੰ
ਅਕਲ ਜਿਨ੍ਹਾਂ ਦੀ ਮੋਟੀ ਹੈ।

ਅੱਜ ਲੁਟੇਰਾ ਜੇਤੂ ਹੈ
ਚਾਰੇ ਪਾਸੇ ਲੋਟੀ ਹੈ।

# ਗ਼ਜ਼ਲ

ਬੰਦਾ ਬੰਦਾ ਜੇ ਬਣੇ ਇਨਸਾਨ ਹੈ
ਬੰਦਾ ਬੰਦਾ ਨਾ ਬਣੇ ਸ਼ੈਤਾਨ ਹੈ।

ਮਾਇਆ ਨੂੰ ਨਾਗਣ ਕਹਿ ਭੰਡੀ ਜਾ ਰਿਹੈ
ਜੀਹਦੇ ਲਈ ਮਾਇਆ ਅਸਲ ਭਗਵਾਨ ਹੈ।

ਫੱਟੇ ਉੱਤੇ ਲਿਖ ਲਿਆ ਬਾਬੇ ਦਾ ਨਾਂ
ਥੱਲੇ ਚਲਦੀ ਲੁੱਟ ਦੀ ਦੁਕਾਨ ਹੈ।

ਭੇਖੀਆਂ, ਸਾਧਾਂ ਦੇ ਪੱਲੇ ਕੁਝ ਨਹੀਂ
ਚੋਲੇ ਅੰਦਰ ਚੋਰ ਹੈ ਬੇਈਮਾਨ ਹੈ।

ਭੂਤ ਪ੍ਰੇਤਾਂ ਰੂਹਾਂ ਦੀ ਕੋਈ ਹੋਂਦ ਨਾ
ਇਹ ਨਹੀਂ ਸੱਚ ਜੋ ਮੰਨਦਾ ਨਾਦਾਨ ਹੈ।

ਹਰ ਵਰਤਾਰੇ ਪਿੱਛੇ ਕਾਰਨ ਹੈ ਖੜ੍ਹਾ
'ਸੱਗੂ' ਹਰ ਕਾਰਨ ਦੇ ਵਿਚ ਵਿਗਿਆਨ ਹੈ।

# .ਗ਼ਜ਼ਲ

ਅਸਾਂ ਨੇ ਪਿਆਰ ਸੀ ਕੀਤਾ ਤੇਰੀ ਇੱਕ ਉਸ ਵਫ਼ਾ ਬਦਲੇ
ਕਰਾਂਗੇ ਕੁਝ ਵੀ ਨਈਂ ਐਪਰ ਕਦੀ ਤੇਰੀ ਜਫ਼ਾ ਬਦਲੇ।

ਹੈ ਧੂੰਆਂ ਧੂੰਆਂ ਮੇਰੇ ਸ਼ਹਿਰ ਦੀ ਹਰ ਇਕ ਗਲੀ ਅੰਦਰ
ਹਰਿਕ ਦਿਲ ਏਹੀ ਚਾਹੁੰਦਾ ਹੈ ਕਿ ਛੇਤੀ ਇਹ ਹਵਾ ਬਦਲੇ।

ਬਦਲਦੇ ਰੋਜ਼ ਰਹਿੰਦੇ ਸਾਕੀ-ਓ-ਮਅਕਸ਼ ਅਸਾਂ ਵੇਖੇ
ਹੈ ਰਹਿੰਦਾ ਮੈਅਖ਼ਾਨਾ ਓਹੀ ਨਾ ਕੋਈ ਪੈਮਾਨਾ ਬਦਲੇ।

ਹੈ ਨਖ਼ਰੇਬਾਜ਼ ਮੇਰਾ ਯਾਰ ਕਦੇ ਰੁੱਸਦਾ ਕਦੇ ਮੰਨਦੈ
ਪਤਾ ਨਈਂ ਕੀ ਸੂ ਮਰਜੀ ਜੋ ਪਿਆ ਪਲ ਪਲ ਸਲਾਹ ਬਦਲੇ।

ਸਦਾ ਅਖ਼ਬਾਰ ਦੇ ਮੁੱਖ ਪੰਨੇ ਦੀ ਤਾਸੀਰ ਇਕ ਰਹਿੰਦੀ
ਸਦਾ ਘਟਨਾਵਾਂ ਓਹੀ ਨੇ ਮਿਤੀ ਬਦਲੇ ਜਗ੍ਹਾ ਬਦਲੇ।

ਤੂੰ ਕਾਹਦਾ ਹੈਂ ਖ਼ੁਦਾ ਤੂੰ ਚਾਰੇ ਪਾਸੇ ਫੈਲਾਈ ਨਫ਼ਰਤ
ਜਾਂ ਤੇਰਾ ਇਹ ਚਲਨ ਬਦਲੇ ਦੁਆ ਹੈ ਜਾਂ ਖ਼ੁਦਾ ਬਦਲੇ।

# ਗ਼ਜ਼ਲ

ਕੌਮ ਨੂੰ ਕੋਈ ਹਲੂਣਾ ਚਾਹੀਦੈ
ਦੇਸ਼ ਵਧ ਕੇ ਹੋਵੇ ਦੂਣਾ ਚਾਹੀਦੈ।

ਚਾਹੀਦੈ ਨੇਤਾ ਹਰਿਕ ਈਮਾਨਦਾਰ
ਬੇਈਮਾਨ ਕੰਡਿਆਂ ’ਤੇ ਧੂਹਣਾ ਚਾਹੀਦੈ।

ਕਾਮਿਆਂ ਦੀ ਕਦਰ ਹੋਵੇ ਲੋੜ ਹੈ
ਕਿਰਤੀ ਦੇ ਪੈਰਾਂ ਨੂੰ ਛੂਹਣਾ ਚਾਹੀਦੈ।

ਕੱਟੜਤਾ ਦੁਨੀਆਂ ਤੋਂ ਮੁੱਕਣੀ ਚਾਹੀਦੀ
ਬਣ ਸਿਰਫ ਇਨਸਾਨ ਜੀਊਣਾ ਚਾਹੀਦੈ।

ਵਹਿਮਾਂ ਤੇ ਪਾਖੰਡਾਂ ਦੀ ਕੁਝ ਲੋੜ ਨਾ
ਕੋਈ ਨਾ ਤਰਕੋਂ ਵਿਹੂਣਾ ਚਾਹੀਦੈ।

# .ਗ਼ਜ਼ਲ

ਆਸ਼ਕ ਹੋਣ ਦੇ ਨਾਤੇ ਸਭ ਕੁਝ ਤੇਰਾ ਹਾਲ ਤਾਂ ਜਾਣਾ ਮੈਂ
ਐਪਰ ਮੈਂ ਕੀ ਕਰ ਸਕਦਾ ਹਾਂ ਬੇਸ਼ਕ ਰੋਗ ਪਛਾਣਾਂ ਮੈਂ।

ਠੇਡੇ ਖਾ ਖਾ ਏਥੋਂ ਤੱਕ ਤਾਂ ਪੁੱਜਿਆ ਹਾਂ ਪਰ ਰੁਕਿਆ ਨਹੀਂ
ਸਾਥੀ ਕੋਈ ਸਹਾਰਾ ਵੀ ਨਹੀਂ ਕਿੰਨੀ ਦੂਰ ਹੈ ਜਾਣਾ ਮੈਂ।

ਤੂੰ ਕਹਿੰਦੀ ਚੰਨ ਲੈ ਦੇ ਮੈਨੂੰ ਮੈਂ ਆਖਾਂ ਤੂੰ ਜਿਗਰਾ ਕਰ
ਇੱਕ ਇੱਕ ਤਾਰੇ ਉਪਰ ਸੱਜਣੀ ਤੇਰਾ ਨਾਮ ਲਿਖਾਣਾ ਮੈਂ।

ਇਹ ਹਾਲਾਤ–ਏ–ਬੇਰੋਜ਼ਗਾਰੀ ਇਹ ਆਲਮ ਬੇਕਾਰੀ ਦਾ
ਜ਼ਿੰਦਾ–ਦਿਲੀ ਕਦੇ ਨਾ ਛੱਡਾਂ ਪਾਪੀ ਬੜਾ ਪੁਰਾਣਾ ਮੈਂ।

ਪ੍ਰੀਤ ਸੁਨੇਹੜਾ ਸਭ ਨੂੰ ਦੇਣਾ ਪਿਆਰ ਹੀ ਵੰਡਣਾ ਹਰ ਪਾਸੇ
ਇਹ ਕੰਮ ਹੈ ਕੁਲਬੀਰ ਦੇ ਜ਼ਿੰਮੇ ਇਹੋ ਫਰਜ਼ ਨਿਭਾਣਾ ਮੈਂ।

ਮੈਂ ਬਦਲਾਂਗਾ ਦੁਨੀਆਂ ਇਕ ਦਿਨ ਹਾਲੇ ਹਿੰਮਤ ਬਾਕੀ ਹੈ
ਥੱਕ ਜਾਵਾਂ ਜਾਂ ਅੱਕ, ਝਕ ਜਾਵਾਂ ਏਨਾ ਨਹੀਂ ਨਿਤਾਣਾ ਮੈਂ।

# ਗ਼ਜ਼ਲ

ਇਕ ਦਿਲ ਇਕ ਦਿਲ ਬਰ ਜਾਨੀ ਹੈ
ਬਾਕੀ ਇਹ ਦੁਨੀਆਂ ਫ਼ਾਨੀ ਹੈ।

ਮੈਂ ਤਾਂ ਤੇਰੇ 'ਤੇ ਮਰਿਆ ਸਾਂ
ਫਿਰ ਜ਼ਿੰਦਾ ਹਾਂ ਹੈਰਾਨੀ ਹੈ।

ਮੈਂ ਵੀਹਵੀਂ ਸਦੀ ਦਾ ਆਸ਼ਕ ਹਾਂ
ਤੂੰ ਇੱਕੀਵੀਂ ਦਾ ਜਾਨੀ ਹੈਂ।

ਕਦਰਾਂ ਤੇ ਕੀਮਤਾਂ ਬਦਲਦੀਆਂ
ਨਾ ਬਦਲੇ ਪਿਆਰ ਲਾਸਾਨੀ ਹੈ।

ਈਮਾਨ ਮਰਨ ਦਾ ਖ਼ਤਰਾ ਹੈ
ਨਹੀਂ ਮਰਦੀ ਤੇ ਬੇ-ਈਮਾਨੀ ਹੈ।

# ਗ਼ਜ਼ਲ

ਤੇਰਾ ਮੇਰਾ ਪਿਆਰ ਸੀ ਇਕ ਹਾਦਸਾ
ਤੈਨੂੰ ਕੁਝ ਨਈਂ ਯਾਦ ਮੈਂ ਨਈਂ ਭੁੱਲਿਆ।

ਕੰਨਾਂ ਦੇ ਵਿਚ ਹਰ ਕਿਸੇ ਦੇ ਉਂਗਲਾਂ
ਕਿਸ ਨੂੰ ਹੋਣੈਂ ਮੇਰੇ ਇਸ ਗ਼ਮ ਦਾ ਪਤਾ।

ਚਾਰੇ ਪਾਸੇ ਚੁੱਪ ਨਾ ਕੋਈ ਕੁਸਕਦਾ
ਮੇਰੇ ਧੁਖਦੇ ਦਿਲ ਦਾ ਧੂੰਆ ਫੈਲਿਆ।

ਰਾਤ ਦੀ ਲੰਬਾਈ ਵਧਗੀ ਜਾਪਦੈ
ਚੜ੍ਹਨ ਦਾ ਸੂਰਜ ਨੂੰ ਚੇਤਾ ਭੁੱਲ ਗਿਆ।

ਹੁਣ ਵੀ ਦਿਲ ਵਿਚ ਤੇਰੀ ਹੀ ਤਸਵੀਰ ਹੈ
ਭੁੱਲ ਜਾਂ? ਦਸਤੂਰ ਇਹ ਨਹੀਂ ਇਸ਼ਕ ਦਾ।

# ਗ਼ਜ਼ਲ

ਏਦਾਂ ਮੈਨੂੰ ਯਾਦਾਂ ਵਿਚ ਤਿਰੀ ਯਾਦ ਸਤਾਉਂਦੀ ਮੇਰੇ ਯਾਰ!
ਕਿ ਮੁੜ ਨੀਂਦਰ ਨੈਣਾਂ ਵੱਲ ਨਾ ਫੇਰਾ ਪਾਉਂਦੀ ਮੇਰੇ ਯਾਰ!

ਬੋਤਲ ਵਿਚਲੀ ਲਾਲ ਪਰੀ ਨੂੰ ਰੋਜ਼ ਨੱਚ ਕੇ ਪੀਂਦਾ ਤੂੰ
ਰੱਜ ਰੱਜ ਕੇ ਫਿਰ ਬੋਤਲ ਤੈਨੂੰ ਆਪ ਨਚਾਉਂਦੀ ਮੇਰੇ ਯਾਰ!

ਕੀ ਕਸੂਰ ਏ ਬੋਤਲ ਦਾ ਜੇ ਹੋਸ਼ ਗਵਾਉਂਦੀ ਕੀ ਹੋਇਆ?
ਸੱਚ ਤਾਂ ਹੈ ਕਿ ਕੌੜੇ ਸੱਚ ਨੂੰ ਬਾਹਰ ਲਿਆਉਂਦੀ ਮੇਰੇ ਯਾਰ!

ਮੇਰਾ ਬੋਝਾ ਖ਼ਾਲੀ ਸੀ ਤੂੰ ਮੈਨੂੰ ਮਿਲਣੋਂ ਸੰਗਦਾ ਸੈਂ
ਜੇਬ ਭਰੀ ਤੋਂ ਢੁੱਕ ਢੁੱਕ ਬਹਿਣੋਂ ਸ਼ਰਮ ਨਾ ਆਉਂਦੀ ਮੇਰੇ ਯਾਰ!

ਆਸ਼ਕ ਹਾਂ ਪਰ ਇਸ ਖੇਤਰ ਵਿਚ ਮੇਰੀ ਕਿਧਰੇ ਪੁੱਛ ਨਹੀਂ
ਬੇਰੋਜ਼ਗਾਰੀ ਹੀ ਪਈ ਮੇਰੀ ਕਦਰ ਘਟਾਉਂਦੀ ਮੇਰੇ ਯਾਰ!

# ਗ਼ਜ਼ਲ

ਮਾਰੀ ਜਾਣਾ ਬੰਦੇ ਮਰਵਾਈ ਜਾਣਾ ਠੀਕ ਨਹੀਂ
ਲਾਸ਼ਾਂ ਉੱਤੇ ਕੁਰਸੀ ਟਿਕਾਈ ਜਾਣਾ ਠੀਕ ਨਹੀਂ।

ਠੀਕ ਖੁਸ਼ ਰਹਿਣਾ ਅਤੇ ਰੱਖਣਾ ਵੀ ਹੋਰਸੀਂ
ਦੁਖੀਆਂ ਨੂੰ ਹੋਰ ਵੀ ਦੁਖਾਈ ਜਾਣਾ ਠੀਕ ਨਹੀਂ।

ਜੀਂਦਿਆਂ ਵਡੇਰਿਆਂ ਦੀ ਸੇਵਾ ਸਾਂਭ ਭੁੱਲ ਕੇ
ਮੁਰਦਿਆਂ ਜਠੇਰਿਆਂ ਮਨਾਈ ਜਾਣਾ ਠੀਕ ਨਹੀਂ।

ਮੌਤ ਇਕ ਨੀਂਦ ਗੂੜ੍ਹੀ ਜਿਸਦੀ ਕਿ ਜਾਗ ਨਈਂ
ਮੌਤੋਂ ਬਾਦ ਕੀ ਹੈ ਡਰਾਈ ਜਾਣਾ ਠੀਕ ਨਹੀਂ।

ਰਾਮ ਮੰਨੋ, ਅੱਲਾ ਮੰਨੋ ਮਰਜ਼ੀ ਹੈ ਆਪ ਦੀ
ਘਰ ਢਾਹ ਕੇ ਦੂਸਰਾ ਬਣਾਈ ਜਾਣਾ ਠੀਕ ਨਹੀਂ।

ਕੱਠਾ ਕਰੋ ਬੈਂਕ ਭਰੋ ਥੋਨੂੰ ਕੌਣ ਡੱਕਦਾ
ਕਿਰਤੀ ਦਾ ਹੱਕ ਮਾਰ ਖਾਈ ਜਾਣਾ ਠੀਕ ਨਹੀਂ।

ਲੋੜ ਹੈ ਸਕੂਲ ਦੀ ਤੇ ਥੋੜ ਦਵਾਖ਼ਾਨੇ ਦੀ
ਗਲੀ ਗਲੀ ਮੰਦਰ ਬਣਾਈ ਜਾਣਾ ਠੀਕ ਨਹੀਂ।

# ਗ਼ਜ਼ਲ

ਇਕ ਇਕ ਕਰਕੇ ਟੁੱਟ ਜਾਣੇ ਨੇ
ਲੱਗਦੈ ਤਾਰੇ ਮੁੱਕ ਜਾਣੇ ਨੇ।

ਤੇਰੀਆਂ ਲਾਪਰਵਾਹੀਆਂ ਦੇ ਕਿੱਲ
ਮੇਰੇ ਪੈਰੀਂ ਠੁਕ ਜਾਣੇ ਨੇ।

ਆ ਰੁੱਖਾਂ ਦੇ ਦੁੱਖੜੇ ਸੁਣੀਏ
ਨ੍ਹੀਂ ਤਾਂ ਜੰਗਲ ਸੁੱਕ ਜਾਣੇ ਨੇ।

ਰੱਜ ਕੇ ਚੋਗ ਚੁਗਣ ਨਾ ਚਿੜੀਆਂ
ਡਰਨ ਕਿ ਦਾਣੇ ਮੁੱਕ ਜਾਣੇ ਨੇ।

'ਸੱਗੂ' ਤੇਰੇ ਕੰਮ ਨੀ ਮੁੱਕਣੇ
ਦਮ ਕਿਸੇ ਦਮ ਮੁੱਕ ਜਾਣੇ ਨੇ।

# ਗ਼ਜ਼ਲ

ਕੀ ਪਤਾ ਸੀ ਨਿੱਤ ਨਵੇਂ ਦੁੱਖ ਸਹੇਗਾ
ਇਹ ਵਿਚਾਰਾ ਦਿਲ ਪਰੇਸ਼ਾਂ ਰਹੇਗਾ।

ਨਵੀਂ ਸਦੀ ਨੇ ਚੜ੍ਹਨਾ ਸੀ ਸੋ ਚੜ੍ਹ ਗਈ
ਬੰਦੇ ਵਿਚ ਹੈਵਾਨ ਸੀ ਜੋ ਰਹੇਗਾ।

ਦੁੱਧ ਚਿੱਟੀ ਧੁੰਦ ਵਿਚ ਕਿਸਨੂੰ ਪਤਾ
ਜ਼ੁਲਮ ਕਾਲਾ ਘੋਰ ਕਿਸ ’ਤੇ ਢਹੇਗਾ।

ਸਾੜਦੈ ਜੋ ਸੁੱਤਿਆਂ ਵਿਚ ਗੱਡੀਆਂ
ਓਹੀ ਮਾਨਵ ਖ਼ੁਦ ਨੂੰ ਧਰਮੀ ਕਹੇਗਾ।

ਧਰਮ ਦਾ ਨਾਂ ਲੈ ਜੋ ਠੱਗਦੈ ਵੋਟਰਾਂ
ਕੁਰਸੀ ਉੱਤੇ ਬਹਿ ਵੀ ਠੱਗਦਾ ਰਹੇਗਾ।

ਐਟਮੀ ਬੰਬਾਂ ਦੇ ਰੌਲੇ ਰੱਪੇ ਵਿਚ
ਭੁੱਖ ਗ਼ਰੀਬੀ ਉੱਤੇ ਪਰਦਾ ਰਹੇਗਾ।

# .ਗ਼ਜ਼ਲ

ਆਓ ਤਲੀਆਂ 'ਤੇ ਜਗਾਈਏ ਮੋਂ ਬੱਤੀਆਂ
ਲੀਕੋਂ ਪਾਰ ਵਿਖਾਵਣ ਜਾਈਏ ਮੋਂ ਬੱਤੀਆਂ।

ਵਾਹਗੇ ਉਤੇ ਦੋਹੀਂ ਪਾਸੀਂ ਜਗ ਰਹੀਆਂ
ਆਓ ਰਲ ਮਿਲ ਵੇਖਣ ਜਾਈਏ ਮੋਂ ਬੱਤੀਆਂ।

ਦੂਜੇ ਪਾਸੇ ਇੰਜ ਸੰਵਾਦ ਨੂੰ ਸ਼ੁਰੂ ਕਰੋ
ਆਓ ਵੇਖੀਏ ਅਤੇ ਵਿਖਾਈਏ ਮੋਂ ਬੱਤੀਆਂ।

ਜੋ ਨੇਤਾ ਨਿੱਤ ਅੱਗ ਉਗਲਦੇ ਰਹਿੰਦੇ ਨੇ
ਉਹਨੀਂ ਵੀ ਅੱਜ ਵੇਖਣ ਲਾਈਏ ਮੋਂ ਬੱਤੀਆਂ।

ਸਾਨੂੰ ਆਸ ਕਿ ਨਫ਼ਰਤ ਸੜ ਬਲ ਜਾਵੇਗੀ
ਆਸ ਦੀਆਂ ਨਾ ਕਦੇ ਬੁਝਾਈਏ ਮੋਂ ਬੱਤੀਆਂ।

ਚੌਦਾਂ ਪੰਦਰਾਂ 'ਗਸਤ ਮਨਾਈਏ ਰਲ ਮਿਲ ਕੇ
ਦੀਵਾਲੀ ਦੇ ਵਾਂਗ ਜਗਾਈਏ ਮੋਂ ਬੱਤੀਆਂ।

ਜੀਅ ਕਰਦੈ ਮਿਟ ਜਾਈਏ ਪਿਆਰ ਮੁਹੱਬਤ ਤੋਂ
ਵਾਹਗੇ ਲਈ ਅਸੀਂ ਖੁਦ ਬਣ ਜਾਈਏ ਮੋਂ ਬੱਤੀਆਂ।

# ਗ਼ਜ਼ਲ

ਸਾਰੇ ਜੱਗ ਨੂੰ ਤਾਰਨ ਬਾਬੇ ਆ ਗਏ ਨੇ
ਸਭ ਦੇ ਕਾਜ ਸਵਾਰਨ ਬਾਬੇ ਆ ਗਏ ਨੇ।

ਬਾਬਿਆਂ ਦੇ ਵਾਹਵਾ ਹੀ ਚੋਜ ਨਿਰਾਲੇ ਨੇ
ਇੰਡੀਆ ਤੇ ਕਦੇ ਫ਼ਾਰਨ ਬਾਬੇ ਆ ਗਏ ਨੇ।

ਬਾਬੇ ਅੱਜ ਕਲ੍ਹ ਮਹਿੰਗੀਆਂ ਕਾਰਾਂ ਚੜ੍ਹਦੇ ਨੇ
ਸੁੰਦਰ ਵੱਜਦੇ ਹਾਰਨ ਬਾਬੇ ਆ ਗਏ ਨੇ।

ਇਹ ਨਾਗਣ ਹੈ ਕਹਿੰਦੇ ਨਾਲ ਨਹੀਂ ਜਾਣੀ
ਮਾਇਆ ਪਏ ਡਕਾਰਨ ਬਾਬੇ ਆ ਗਏ ਨੇ।

ਕਿਰਤੀ ਦੇ ਘਰ ਮਿਹਨਤਕਸ਼ ਦੇ ਬੋਝੇ ’ਤੇ
ਨਿੱਤ ਨਿੱਤ ਡਾਕਾ ਮਾਰਨ ਬਾਬੇ ਆ ਗਏ ਨੇ।

ਹੱਥੀਂ ਭੰਨ ਕੇ ਕੱਖ ਵੀ ਦੋਹਰਾ ਕਰਦੇ ਨਈਂ
ਹੱਕ ਲੋਕਾਂ ਦਾ ਮਾਰਨ ਬਾਬੇ ਆ ਗਏ ਨੇ।

ਮੁਕਤੀ ਕਿਸੇ ਨੂੰ ਸੁਰਗ ਕਿਸੇ ਨੂੰ ਦੇਂਦੇ ਨੇ
ਅਨਪੜ੍ਹ ਜੂਨ ਸਵਾਰਨ ਬਾਬੇ ਆ ਗਏ ਨੇ।

ਨਹੀਂ ਸੌਰਦਾ ‘ਸੱਗੂ’ ਕਿਸੇ ਦਾ ਬਾਬਿਆਂ ਤੋਂ
ਆਪਣਾ ਬੁੱਤਾ ਸਾਰਨ ਬਾਬੇ ਆ ਗਏ ਨੇ।

# ਗ਼ਜ਼ਲ

ਅੱਜ ਦੁਸ਼ਮਣ ਏਦਾਂ ਮਿਲਦੇ ਨੇ
ਜਿਉਂ ਦੋਸਤ ਸਾਡੇ ਦਿਲ ਦੇ ਨੇ।

ਜੀਹਨੂੰ ਚਾਹੁੰਦੇ ਹਾਂ ਉਹ ਲੱਭਦਾ ਨਾ
ਜੀਹਤੋਂ ਬਚਦੇ ਹਾਂ ਉਹ ਮਿਲਦੇ ਨੇ।

ਹਰ ਇਕ ਇਕ ਦੂਜੇ ਤੋਂ ਮੁਸ਼ਕਿਲ
ਉਂਜ ਬਹੁਤ ਹੀ ਰਾਹ ਮੰਜ਼ਿਲ ਦੇ ਨੇ।

ਕਰ ਗਏ ਓਹ ਕਤਲ ਨੇ ਕਈਆਂ ਦਾ
ਹੱਥ ਖਾਲੀ ਉਂਜ ਕਾਤਿਲ ਦੇ ਨੇ।

ਖੌਰੇ ਬੇੜੀ ਬੰਨੇ ਲੱਗ ਜਾਵੇ
ਆਸਾਰ ਦਿੱਸਣ ਸਾਹਿਲ ਦੇ ਨੇ।

# ਗ਼ਜ਼ਲ

ਜ਼ਿੰਦਗੀ ਹੁਣ ਉਦਾਸ ਹੋ ਗਈ ਏ
ਖ਼ਤਮ ਮਿਲਣੇ ਦੀ ਆਸ ਹੋ ਗਈ ਏ।

ਖੁਸ਼ੀ ਨਿਕਲੀ ਦਿਲ ਦੇ ਖ਼ਾਨੇ 'ਚੋਂ
ਕਦੋਂ ਦੀ ਸੁਰਗਵਾਸ ਹੋ ਗਈ ਏ।

ਮਸਤੀ ਉਡ ਗਈ ਹੁਣ ਜਵਾਨੀ ਦੀ
ਉਮਰ ਖਾਲੀ ਗਿਲਾਸ ਹੋ ਗਈ ਏ।

ਹੁਣ ਤਾਂ 'ਸੱਗੂ' ਸਜ਼ਾ ਜ਼ਰੂਰ ਮਿਲੂ
ਖ਼ਤਾ ਤੈਥੋਂ ਜੋ ਖ਼ਾਸ ਹੋ ਗਈ ਏ।

# ਗ਼ਜ਼ਲ

ਨੈਣੀਂ ਉਤਰੇ ਹੰਝੂ ਵਹਿੰਦੇ ਵਹਿੰਦੇ ਰਹੇ
ਐਪਰ ਤੁਸਾਂ ਜੋ ਕਹਿਣਾ ਸੀ ਉਹ ਕਹਿੰਦੇ ਰਹੇ।

ਸਾਡੀ ਹੋਂਦ ਨੂੰ ਤੁਸਾਂ ਕਦੇ ਨਾ ਮੰਨਿਆ ਸੀ
ਕਮਲੇ ਅਸੀਂ ਹਾਂ ਰੱਬ ਰੱਬ ਤੈਨੂੰ ਕਹਿੰਦੇ ਰਹੇ।

ਓਨੀ ਆਕੜ ਹੋਰ ਤੁਹਾਡੀ ਵਧਦੀ ਗਈ ਸੀ
ਅਸੀਂ ਸਾਂ ਜਿੰਨੇ ਦਰ ਤੇਰੇ ’ਤੇ ਢਹਿੰਦੇ ਰਹੇ।

ਸਾਥੋਂ ਨ ਬੇਇਨਸਾਫ਼ੀ ਨਾ ਹੁਣ ਸਹਿ ਹੁੰਦੀ
ਬਹੁਤ ਹਾਂ ਤੇਰੇ ਜ਼ੁਲਮ ਜ਼ਾਲਮਾ ਸਹਿੰਦੇ ਰਹੇ।

‘ਸੱਗੂ’ ਅੱਜ ਮਤਲਬ ਨੂੰ ਜੀ ਜੀ ਕਰਦੇ ਨੇ
ਕੱਲ੍ਹ ਤੀਕਰ ਸਨ ਜੋ ਤੇਰੇ ਸੰਗ ਖਹਿੰਦੇ ਰਹੇ।

# ਗ਼ਜ਼ਲ

ਵਾਕਈ ਮੇਰਾ ਹੁਣ ਗ਼ੁਜ਼ਾਰਾ ਨਈਂ ਹੁੰਦਾ।
ਇਸ਼ਕੇ ਦਾ ਜਿਚਰ ਸਹਾਰਾ ਨਈਂ ਹੁੰਦਾ।

ਸਮਝਾਂਗਾ ਮੈਂ ਕੀ ਤੇਰੇ ਇਸ ਦਿਲ ਨੂੰ
ਨੈਣਾਂ ਦਾ ਜੇਕਰ ਇਸ਼ਾਰਾ ਨਈਂ ਹੁੰਦਾ।

ਬਿਰਹਾ ਬਿਨਾਂ ਇਸ਼ਕ ਪੱਕਦਾ ਨਹੀਂ ਹੈ
ਬਿਨਾਂ ਗ਼ਮ ਪਿਆਰ ਕਰਾਰਾ ਨਈਂ ਹੁੰਦਾ।

ਮੈਂ ਕੀ ਕਰਾਂ ਦੇਰ ਓਨੀ ਇਹ ਤੂੰ ਦੱਸ
ਜਦੋਂ ਤੀਕ ਤੇਰਾ ਦੀਦਾਰਾ ਨਹੀਂ ਹੁੰਦਾ।

ਰੁੱਸ ਕੇ ਜੇ ਯਾਰ ਗ਼ੈਰ ਸੰਗ ਹੱਸਦੈ
ਕਿਸੇ ਨੂੰ ਵੀ ਇਹ ਤਾਂ ਗਵਾਰਾ ਨਹੀਂ ਹੁੰਦਾ।

# ਗ਼ਜ਼ਲ

ਆਸ਼ਕ ਨਾ ਅਜ਼ਮਾਇਆ ਜਾਏ।
ਦਿਲ ਨਾ ਹੋਰ ਦੁਖਾਇਆ ਜਾਏ।

ਇਸ਼ਕ ਖ਼ੁਦਾ ਹੈ ਇਸ਼ਕ ਹੀ ਰੱਬ ਹੈ
ਰੱਬ ਨਾ ਹੋਰ ਬਣਾਇਆ ਜਾਏ।

ਸਾਰੇ ਗ਼ਮ ਅੱਜ ਗ਼ਲਤ ਨਾ ਕਰੀਏ
ਕੱਲ੍ਹ ਲਈ ਕੁਝ ਬਚਾਇਆ ਜਾਏ।

ਹਰ ਵਾਸੀ ਮੁਸਕਾਂਦਾ ਹੋਵੇ
ਐਸਾ ਨਗਰ ਵਸਾਇਆ ਜਾਏ।

'ਸੱਗੂ' ਗ਼ਜ਼ਲ ਪਿਆਰੀ ਲੱਗਦੀ
ਜਿਹੜੀ ਗ਼ਜ਼ਲ ਨੂੰ ਗਾਇਆ ਜਾਏ।

# ਗ਼ਜ਼ਲ

ਤੇਰੀ ਤਿਰਛੀ ਨਜ਼ਰ ਚੰਦਰੀ ਜਾਂਦੀ ਸੀਨਾ ਚੀਰ
ਫਿਰ ਵੀ ਜ਼ਿੰਦਾ ਹਾਂ ਮੈਂ ਹੁਣ ਤੱਕ ਦਿਲ ਦਾ ਏਨਾ ਬੀਰ।

ਤੇਰੇ ਦਿਲ ਵਿਚ ਮੇਰਾ ਖਾਤਾ ਬੰਦ ਪਿਆ ਹੈ ਚਿਰ ਤੋਂ
ਗ਼ਮ ਮਿਰੇ ਕੋਲ ਨਕਦ ਕੈਸ਼ ਹੈ, ਮੈਂ ਹਾਂ ਬਹੁਤ ਅਮੀਰ।

ਪੌਪ ਮਿਊਜ਼ਿਕ ਰੌਕ ਮਿਊਜ਼ਿਕ ਦਾ ਰੌਲਾ ਹੈ ਵਾਧੂ
ਸੱਸੀ, ਮਿਰਜਾ ਨਾ ਕੋਈ ਗਾਵੇ, ਨਾ ਕੋਈ ਸੁਣਦਾ ਹੀਰ।

ਗਿੱਧਾ ਹੈਨੀ ਭੰਗੜਾ ਹੈਨੀ ਨਾ ਬੋਲੀ ਨਾ ਟੱਪੇ
ਸੁਰ ਤਾਲ ਨੂੰ ਸਮਝੇ ਕਿਹੜਾ ਤੱਕਦੇ ਸਭ ਸਰੀਰ।

ਜੀਂਦਿਆਂ ਕੋਲੋਂ ਬਚ ਕੇ ਰਹਿਣਾ ਮੁਰਦੇ ਕੁਝ ਨੀਂ ਕਹਿੰਦੇ
ਨਾ ਕੋਈ ਭੂਤ ਚੁੜੇਲ ਡਰਾਵੇ ਨਾ ਕੋਈ ਜ਼ਾਹਰਾ ਪੀਰ।

ਕੱਟੜਤਾ ਤੇ ਅਨਪੜ੍ਹਤਾ ਵਿਚ ਫ਼ਰਕ ਨਹੀਂ ਹੈ ਕੋਈ
ਪੜ੍ਹਿਆ ਓਹੀ ਮੰਨੋ ਹੁੰਦੀ ਜਿਸਦੀ ਸੋਚ ਅਮੀਰ।

# .ਗ਼ਜ਼ਲ

ਸਾਰੇ ਮਾਈ ਭਾਈ, ਆਓ ਰੁੱਖ ਲਾਈਏ।
ਏਹੋ ਅਸਲ ਕਮਾਈ, ਆਓ ਰੁੱਖ ਲਾਈਏ।

ਤੱਕ ਹਰਿਆਲੀ ਬੱਦਲ ਆ ਗਏ
ਰੱਜ ਰੱਜ ਛਹਿਬਰ ਲਾਈ, ਆਓ ਰੁੱਖ ਲਾਈਏ।

ਸੀਨਾ ਧਰਤੀ ਦਾ ਸੜ ਚੱਲਿਆ
ਰੁੱਖ ਵੰਡਦੇ ਠੰਢਿਆਈ, ਆਓ ਰੁੱਖ ਲਾਈਏ।

ਮਮਤਾ ਵਰਗੀ ਛਾਂ ਦੇਂਦੇ ਨੇ
ਰੁੱਖ ਹੀ ਭੈਣ ਤੇ ਭਾਈ, ਆਓ ਰੁੱਖ ਲਾਈਏ।

ਹਵਾ ਧਰਤ ਦੀ ਗੰਧਲੀ ਹੋਈ
ਰੁੱਖ ਹੀ ਕਰਨ ਸਫਾਈ, ਆਉ ਰੁੱਖ ਲਾਈਏ।

ਧਰਤ ਖੇਤ ਦੀ ਖ਼ੁਰ ਨਾ ਜਾਵੇ
ਰੁੱਖਾਂ ਪਕੜ ਬਣਾਈ, ਆਓ ਰੁੱਖ ਲਾਈਏ।

ਰੁੱਖਾਂ ਬਾਝ ਮਨੁੱਖ ਨਈਂ ਰਹਿਣੇ
ਮੁੱਕ ਜਾਣੀ ਲੋਕਾਈ, ਆਓ ਰੁੱਖ ਲਾਈਏ।

# ਗ਼ਜ਼ਲ

ਸਾਧੂ ਬਣ ਗਏ ਚੋਰ ਕਿ ਬਚਣਾ ਮੁਸ਼ਕਲ ਹੈ
ਚੋਰਾਂ ਨੂੰ ਪਏ ਮੋਰ ਕਿ ਬਚਣਾ ਮੁਸ਼ਕਲ ਹੈ।

ਵੇਖੋ ਫਿਰ ਇੱਕ ਅਬਲਾ ਸੜਦੀ ਲਗਦੀ ਹੈ
ਤੇਲ ਦੀ ਬੋਅ ਤੇ ਸ਼ੋਰ ਕਿ ਬਚਣਾ ਮੁਸ਼ਕਲ ਹੈ।

ਹਰ ਚੈਨਲ ਤੇ ਗੁਰੂ ਸੁਆਮੀ ਦੱਸ ਰਹੇ
ਆਪਣਾ ਆਪਣਾ ਜ਼ੋਰ ਕਿ ਬਚਣਾ ਮੁਸ਼ਕਲ ਹੈ।

ਹੁਣ ਜਨੂੰਨੀ ਅੱਗਾ ਪਿੱਛਾ ਤੱਕਦੇ ਨਈਂ
ਤੁਰਨ ਤਬਾਹੀ ਤੋਰ ਕਿ ਬਚਣਾ ਮੁਸ਼ਕਲ ਹੈ।

ਅੱਗਾਂ ਦੇ ਵਣਜਾਰੇ ਦੇ ਘਰ ਲੱਗੀ ਅੱਗ
ਹੋਊ ਤਬਾਹੀ ਹੋਰ ਕਿ ਬਚਣਾ ਮੁਸ਼ਕਲ ਹੈ।

ਇਸ ਸਿਸਟਮ ਵਿਚ ਜੇਤੂ ਹੈ ਜੋ ਕਰ ਸਕਦੈ
ਵਨ-ਟੂ ਕਾ ਫੋਰ ਕਿ ਬਚਣਾ ਮੁਸ਼ਕਲ ਹੈ।

# .ਗਜ਼ਲ

ਮਰ ਮਰ ਕੇ ਫਿਰ ਲੋਕ ਪਤਾ ਨੀਂ ਜਾਂਦੇ ਕਿੱਧਰ ਨੇ!
ਲੁਕਦੇ ਕਿੱਥੇ ਪਤਾ ਨੀ ਮੂੰਹ ਲੁਕਾਂਦੇ ਕਿੱਧਰ ਨੇ!

ਅੱਜ ਹੈ ਯਾਰ ਜੇ ਮਿਲਿਆ ਤੇ ਰੰਗ ਖੁਸ਼ੀਆਂ ਦੇ ਛਾਏ
ਪਤਾ ਨੀਂ ਕਿੱਥੇ ਦਰਦ ਤੇ ਗ਼ਮ ਦਿਲਾਂ ਦੇ ਕਿੱਧਰ ਨੇ!

ਸਾਕੀ ਹੋਰੀਂ ਅੱਜ ਪਛਾਣਦੇ ਕਿਉਂ ਨਹੀਂ ਸਾਨੂੰ
ਏਧਰ ਲੱਗੀ ਪਿਆਸ ਤੇ ਉਹ ਪਿਲਾਂਦੇ ਕਿੱਧਰ ਨੇ!

ਦਲ ਬਦਲੀ ਦੀ ਵੇਖ ਸਿਆਸਤ ਅਸਰ ਹੈ ਵੋਟਰ 'ਤੇ
ਖਾਂਦੇ ਕਿੱਧਰੋਂ ਵੋਟ ਪਤਾ ਨੀ ਪਾਂਦੇ ਕਿੱਧਰ ਨੇ!

ਜਨਮ ਨੇ ਲੈਂਦੇ ਰੋਜ਼ ਹਜ਼ਾਰਾਂ ਪੇਟ ਜੋ ਧਰਤੀ 'ਤੇ
ਕੀ ਦੱਸੀਏ ਫਿਰ ਅੰਨ ਤੇ ਪਾਣੀ ਜਾਂਦੇ ਕਿੱਧਰ ਨੇ।

ਫੈਸ਼ਨ ਅੱਜ ਭੁਲਾਇਆ ਸਾਨੂੰ ਆਪਣਾ ਸਭਿਆਚਾਰ
ਕਿੱਥੇ ਨੇ ਹੁਣ ਘੱਗਰੇ ਲਾਲ ਪਰਾਂਦੇ ਕਿੱਧਰ ਨੇ!

# ਗ਼ਜ਼ਲ

ਸਭ ਦੀ ਅੱਖ ਦੇ ਤਾਰੇ ਬੱਚੇ
ਲਗਦੇ ਬੜੇ ਪਿਆਰੇ ਬੱਚੇ।

ਦੁਨੀਆਂ ’ਤੇ ਸਭ ਕੁਝ ਮਿਲ ਜਾਂਦੈ
ਮੁੱਲ ਨਾ ਮਿਲਣ ਹੁਦਾਰੇ ਬੱਚੇ।

ਵੱਡੇ ਸਾਰੇ ਚੰਗੇ ਨਈਂ ਹਨ
ਪਰ ਚੰਗੇ ਹਨ ਸਾਰੇ ਬੱਚੇ।

ਓਹਨਾਂ ਦਾ ਕੱਲ੍ਹ ਆਪੇ ਵਿਗੜੂ
ਜੀਹਨਾਂ ਅੱਜ ਵਿਗਾੜੇ ਬੱਚੇ।

ਥੋੜ੍ਹੇ ਜੰਮੋ ਰੱਜ ਕੇ ਪਾਲੋ
ਕਰੋ ਨਾ ਬਹੁਤੇ ਸਾਰੇ ਬੱਚੇ।

# ਗ਼ਜ਼ਲ

ਜ਼ਿੰਦਗੀ ਖ਼ਾਬਾਂ ਸਹਾਰੇ ਗੁਜ਼ਰਦੀ।
ਹੋ ਗਈ ਹੈ ਇੰਤਹਾ ਪਰ ਸਬਰ ਦੀ।

ਲਹਿਰਾਂ ਨੂੰ ਕੱਲ੍ਹ ਤੱਕ ਸਾਂ ਮੌਜਾਂ ਆਖਦਾ
ਨਾ ਖ਼ਬਰ ਸੀ ਤਦ ਸੁਨਾਮੀ ਕਬਰ ਦੀ।

ਹਾਰ ਥੱਕ ਕੇ ਰੱਬ ਵੀ ਲਗਦੈ ਮਰ ਗਿਆ
ਵੇਖਦਾਂ ਪੁਸ਼ਟੀ ਕਰੇ ਕੋਈ ਖ਼ਬਰ ਦੀ।

ਤੋੜ ਕੇ ਦਿਲ ਹਾਲ ਪੁੱਛਣ ਆ ਗਿਓਂ
ਮੁੱਖ ’ਤੇ ਹੈ ਮੁਸਕਾਨ ਹੱਦ ਹੈ ਜਬਰ ਦੀ।

# ਗ਼ਜ਼ਲ

ਅੰਦਰੋਂ ਵੱਢ ਵੱਢ ਖਾਵੇ ਬੰਦਾ ਮਤਲਬੀ।
ਉਪਰੋਂ ਪਰ ਮੁਸਕਾਵੇ ਬੰਦਾ ਮਤਲਬੀ।

ਬੰਦੇ ਨੂੰ ਬੰਦਾ ਹੀ ਬੰਦਾ ਸਮਝੇ ਨਾ
ਆਪਣਿਆਂ ਨੂੰ ਢਾਹਵੇ ਬੰਦਾ ਮਤਲਬੀ।

ਸੱਜਣ ਮਿੱਤਰ ਨਾਤੇ ਸਭ ਗੁਆ ਬਹਿੰਦੈ
ਬੇਸ਼ਕ ਧਨ ਕਮਾਵੇ ਬੰਦਾ ਮਤਲਬੀ।

ਆਪ ਵੀ ਉਮਰਾ ਸਾਰੀ ਚੈਨ ਨਾ ਪਾਂਦਾ ਹੈ
ਹੋਰੀਂ ਚੈਨ ਉਡਾਵੇ ਬੰਦਾ ਮਤਲਬੀ।

ਕੱਠਾ ਕਰਦੈ ਜੀਹਨਾਂ ਖਾਤਰ ਮਾਇਆ ਨੂੰ
ਉਨ ਥੀਂ ਕਦਰ ਨਾ ਪਾਵੇ ਬੰਦਾ ਮਤਲਬੀ।

ਘੜੋ ਬਹਾਨਾ ਟਾਲ ਦਿਓ ਤੇ ਤੋਰ ਦਿਓ
ਜੇ ਥੋਡੇ ਆ ਜਾਵੇ ਬੰਦਾ ਮਤਲਬੀ।

# ਗ਼ਜ਼ਲ

ਕੀ ਦੱਸਾਂ ਮੈਂ ਰਾਤ ਕਿਸ ਤਰ੍ਹਾਂ ਬੀਤੀ ਹੈ
ਗ਼ਮ ਦੀ ਇਕ ਸੁਰਾਹੀ ਭਰ ਕੇ ਪੀਤੀ ਹੈ।

ਤੇਰੀ ਹਰ ਇਕ ਰਾਤ ਦੀਵਾਲੀ ਵਰਗੀ ਹੈ
ਮੇਰੀ ਹਰ ਦੀਵਾਲੀ ਚੁੱਪ ਚੁਪੀਤੀ ਹੈ।

ਵੱਢੋ ਟੁੱਕੋ, ਸਾੜੋ ਫੂਕੋ ਰਾਜ ਕਰੋ
ਕੈਸਾ ਰਾਜ ਹੈ ਕੈਸੀ ਰਾਜ ਦੀ ਨੀਤੀ ਹੈ!

ਮੇਰਾ ਇਹ ਹੁਣ 'ਦੇਸ਼ ਮਹਾਨ ਹੈ' ਕੌਣ ਕਹੂ
ਕੋਈ ਕਿਸੇ ਦੀ ਕਰਦਾ ਨਈਂ ਪਰਤੀਤੀ ਹੈ।

ਦਿਲ ਤੋੜਨਾ ਜੇ ਥੋਡੀ ਮਜਬੂਰੀ ਹੈ
ਦਿਲ ਬਚਾ ਲਓ, ਸਾਡੀ ਵੀ ਇਹ ਨੀਤੀ ਹੈ।

ਯਾਰਾ ਤੇਰੇ ਮਿਲਣੇ ਦੀ ਇਹ ਮਸਤੀ ਹੈ
ਸਾਰੇ ਕਹਿੰਦੇ ਨੇ 'ਸੱਗੂ' ਨੇ ਪੀਤੀ ਹੈ।

# ਗ਼ਜ਼ਲ

ਵਿਚ ਕੁਰਬਾਨੀ, ਤਨ ਮਨ ਆਪਣਾ ਆਸ਼ਕ ਨੇ ਇੰਜ ਰੰਗਦੇ।
ਸ਼ਮ੍ਹਾ ਤਾਂ ਕੰਬ ਜਾਂਦੀ ਐ ਪਰ ਪਰਵਾਨੇ ਨਹੀਂ ਸੰਗਦੇ।

ਨਿੱਤ ਨਿੱਤ ਵੇਖੋ ਝੂਠ ਮਾਣਦਾ ਏਸ ਜਹਾਨ 'ਚ ਮੌਜਾਂ
ਰੋਜ਼ ਸੱਚ ਨੂੰ ਵਕਤ ਦੇ ਹਾਕਮ ਸੂਲੀ ਉਪਰ ਟੰਗਦੇ।

ਯਾਰਾ ਵੈਰ ਨਿਭਾਇਆ ਮੈਂ ਵੀ ਜ਼ਹਿਰੀਲੇ ਸੱਪਾਂ ਸੰਗ
ਓਹ ਵੀ ਨਈਓਂ ਤੇਰੀਆਂ ਕਾਤਲ ਜ਼ੁਲਫਾਂ ਵਾਂਗੂ ਡੰਗਦੇ।

ਪਤਾ ਨਹੀਂ ਕੀ ਜਾਦੂ ਯਾਰਾ ਤੇਰੀ ਗਲੀ ਦੇ ਅੰਦਰ
ਜਾਣਾ ਹੋਵੇ ਕਿਧਰੇ ਵੀ ਹਾਂ ਤੇਰੀ ਗਲੀ ਹੀ ਲੰਘਦੇ।

ਸੋਚੋ ਕਿੰਨਾ ਵਿਚ ਜ਼ਿੰਦਗੀ ਰੁੱਖਾਪਣ ਜਿਹਾ ਹੋਵੇ
ਜੇ ਨਾ ਹੋਵਣ ਬੋਲ-ਚਾਲ ਵਿਚ ਮਿੱਠੇ ਬੋਲ ਵਿਅੰਗ ਦੇ।

# ਗ਼ਜ਼ਲ

ਕਦੀ ਤਾਂ ਯਾਰੋ ਸਿੱਧੇ ਰਸਤੇ ਆਓਗੇ।
ਸੱਚ ਨੂੰ ਸੱਚ ਕਹਿਣ ਦਾ ਰੁਖ ਅਪਣਾਓਗੇ।

ਸਾਬ-ਸਬੂਤੇ ਜੀਂਦੇ ਬੰਦਿਆਂ ਨੂੰ ਛੱਡ ਕੇ
ਕਦ ਤੱਕ ਮੋਇਆਂ ਨੂੰ ਹੀ ਰੋਂਦੇ ਜਾਓਗੇ।

ਰਗੜ ਕੇ ਮੱਥੇ ਨਹੀਂ ਲੱਭਣਾ ਕੁਝ ਪੱਥਰ 'ਚੋਂ
ਅਕਲ ਤੋਂ ਪੱਥਰ ਕਦੀ ਤਾਂ ਆਪ ਹਟਾਓਗੇ।

ਵੱਗ ਨੇ ਫਿਰਦੇ ਗਲੀ ਗਲੀ ਹੁਣ ਬਾਬਿਆਂ ਦੇ
ਕੀਹਦੇ ਕੀਹਦੇ ਜਾ ਪੈਰੀਂ ਹੱਥ ਲਾਓਗੇ?

ਕਿਰਤ ਕਰੋ ਤੇ ਹੱਕ ਕਿਸੇ ਦਾ ਨਾ ਮਾਰੋ
ਇਹ ਨੀਤੀ ਅਪਣਾ ਲਓ ਸੋਭਾ ਪਾਓਗੇ।

# .ਗ਼ਜ਼ਲ

ਇਸ਼ਕ ਝਨਾ ਮਿਲਣੇ ਲਈ ਤੈਨੂੰ ਤਰ ਜਾਵਾਂਗਾ।
ਕਰ ਨਾ ਰਤਾ ਖ਼ਿਆਲ ਕਦੀ ਮੈਂ ਡਰ ਜਾਵਾਂਗਾ।

ਟੁੱਟ ਕੇ ਤੈਥੋਂ ਜੀਣ ਤੋਂ ਹੈ ਮਰਨਾ ਬਿਹਤਰ
ਵਸਲ ਲਈ ਜੇ ਮਰਨਾ ਹੋਇਆ ਮਰ ਜਾਵਾਂਗਾ।

ਤੁਰ ਜਾਵਾਂਗਾ ਇਸ ਦੁਨੀਆਂ ਤੋਂ ਫ਼ਿਕਰ ਨਹੀਂ
ਨਾਮ ਇਸ਼ਕ ਦਾ ਅਮਰ ਜਹਾਂ ’ਤੇ ਕਰ ਜਾਵਾਂਗਾ।

ਖੋਲ੍ਹ ਹੱਥੀਂ ਦਰਵਾਜਾ ਦਿਲ ਦਾ ਮੈਂ ਆਵਾਂਗਾ
ਦਿਲ ਦੇ ਹਰ ਖ਼ਾਨੇ ਵਿਚ ਖੁਸ਼ੀਆਂ ਭਰ ਜਾਵਾਂਗਾ।

‘ਸੱਗੂ’ ਇਸ਼ਕ ਖੁਦਾ ਹੈ ਇਸ਼ਕ ਪਵਿੱਤਰਤਾ
ਹੋਰ ਕੋਈ ਨਾ ਇਹੀ ਬੰਦਗੀ ਕਰ ਜਾਵਾਂਗਾ।

# .ਗ਼ਜ਼ਲ

ਗਲ ਦਾ ਢੋਲ ਵਜਾਉਣਾ ਪੈਂਦੈ।
ਰੋਂਦਿਆਂ ਵੀ ਮੁਸਕਾਉਣਾ ਪੈਂਦੈ।

ਓਦਾਂ ਦੁੱਖ ਨਾ ਸੁਣਦਾ ਕੋਈ
ਪਾੜ ਕੇ ਸੰਘ ਸੁਣਾਉਣਾ ਪੈਂਦੈ।

ਬੱਚੇ ਦੁੱਧ ਜੇ ਮੰਗਣਾ ਹੋਵੇ
ਉਸ ਨੂੰ ਵੀ ਕੁਰਲਾਉਣਾ ਪੈਂਦੈ।

ਠੰਢਾ ਗੰਦਾ ਦੁੱਧ ਬਣਾਉਟੀ
ਪੀਣਾ ਅਤੇ ਪਿਲਾਉਣਾ ਪੈਂਦੈ।

ਜਾਣਦੇ ਬਾਬੇ ਭੂਤ ਨੀਂ ਹੁੰਦੇ
ਮਤਲਬ ਲਈ ਡਰਾਉਣਾ ਪੈਂਦੈ।

ਦੋਵੇਂ ਲੀਡਰ ਗੰਦੇ ਬੇਸ਼ਕ
ਵੋਟ ਤਾਂ ਇਕ ਨੂੰ ਪਾਉਣਾ ਪੈਂਦੈ।

ਪਤਾ ਹੈ ਜਾਬ ਨਹੀਂ ਮਿਲਣੀ ਪਰ
ਬੱਚਿਆਂ ਤਾਂਈਂ ਪੜ੍ਹਾਉਣਾ ਪੈਂਦੈ।

# ਗ਼ਜ਼ਲ

ਜਿਹੜੇ ਲੋਕ ਨਿਭਾਉਂਦੇ ਰਿਸ਼ਤੇ।
ਦੁਨੀਆਂ ਨਾਲ ਵਧਾਉਂਦੇ ਰਿਸ਼ਤੇ।

ਰਿਸ਼ਤੇ ਰਿਸ਼ਤੇ ਨੂੰ ਪਏ ਪਾਲਣ
ਮਾਨਵ ਧਰਮ ਨਿਭਾਉਂਦੇ ਰਿਸ਼ਤੇ।

ਕੇਵਲ ਜਾਇਦਾਦਾਂ ਨਹੀਂ ਵੰਡਦੇ
ਦੁੱਖ ਤੇ ਦਰਦ ਵੰਡਾਉਂਦੇ ਰਿਸ਼ਤੇ।

ਰਿਸ਼ਤਿਆਂ ਵਿਚ ਇਤਬਾਰ ਹੈ ਭਰਿਆ
ਜੱਗ 'ਤੇ ਵਿਹਾਰ ਵਧਾਉਂਦੇ ਰਿਸ਼ਤੇ।

ਰਿਸ਼ਤੇ ਟੱਪਦੇ ਰਿਸ਼ਤੇ ਨੱਚਦੇ
ਖੁਸ਼ੀਆਂ ਮੌਕੇ ਗਾਉਂਦੇ ਰਿਸ਼ਤੇ।

ਟੁੱਟੇ ਫੁੱਲ ਨਾ ਜੁੜਦੇ ਬੇਸ਼ਕ।
ਟੁੱਟਿਆਂ ਨੂੰ ਗਲ ਲਾਉਂਦੇ ਰਿਸ਼ਤੇ।

# ਗ਼ਜ਼ਲ

ਦਿਲ ਦਾ ਕਰੋ ਵਿਸਾਹ ਨਾ ਕੋਈ।
ਦਿਲ ਜਿਹਾ ਬੇਪਰਵਾਹ ਨਾ ਕੋਈ।

ਸ਼ਾਇਰ ਜੇਡ ਅਮੀਰ ਨਾ ਕੋਈ
ਆਸ਼ਕ ਵਰਗਾ ਸ਼ਾਹ ਨਾ ਕੋਈ।

ਲੋਕ ਰਾਜ ਹੈ ਆਖਣ ਨੂੰ ਪਰ
ਉੱਚੀ ਲੈਂਦਾ ਸਾਹ ਨਾ ਕੋਈ।

ਝੂਠ ਹੀ ਲੁੱਟੇ ਝੂਠ ਹੀ ਕੁੱਟੇ
ਸੱਚ ਨੂੰ ਪਾਵੇ ਘਾਹ ਨਾ ਕੋਈ।

ਮੰਜ਼ਿਲ ਸਾਂਹਵੇਂ ਕੋਈ ਨਾ ਦਿੱਸਦੀ
ਘਰ ਮੁੜਨੇ ਦਾ ਰਾਹ ਨਾ ਕੋਈ।

ਪਰ ਨਾਰੀ ਕਿਆ ਸੁੰਦਰ ਲੱਗਦੀ
ਆਪਣੀ ਦੀ ਪਰਵਾਹ ਨਾ ਕੋਈ।

# ਗ਼ਜ਼ਲ

ਪੈਸਾ ਹੈ ਦਿਲਦਾਰ ਬੜੇ ਨੇ।
ਜੇਬ ਭਰੀ ਤਾਂ ਯਾਰ ਬੜੇ ਨੇ।

ਯਾਰ ਓਹ ਮੌਕੇ 'ਤੇ ਬਹੁੜੇ
ਬੇਸ਼ਕ ਦਾਅਵੇਦਾਰ ਬੜੇ ਨੇ।

ਪੀਰ ਕਿਸੇ ਸਿਰ ਨਾਗ ਕਿਸੇ ਵਿਚ
ਦੇਵੀਆਂ ਤੇ ਅਵਤਾਰ ਬੜੇ ਨੇ।

ਜੋਕਾਂ ਬਣ ਕੇ ਲੁੱਟਣ ਲੋਕਾਂ
ਬਾਬੇ ਚਿਮਟਾ-ਮਾਰ ਬੜੇ ਨੇ।

ਨੰਗ ਦਿਖਾਵਣ ਭਰਮ ਫੈਲਾਵਣ
ਚੈਨਲ ਤੇ ਅਖ਼ਬਾਰ ਬੜੇ ਨੇ।

ਲੱਖਾਂ ਨੂੰ ਰੋਜ਼ਗਾਰ ਜੇ ਮਿਲ ਜੇ
ਫਿਰ ਵੀ ਬੇਰੋਜ਼ਗਾਰ ਬੜੇ ਨੇ।

ਕਿੰਨਾ ਚੀਕਰ ਬਚੇਗਾ ਬੰਦਾ
ਦੁਨੀਆਂ 'ਤੇ ਹਥਿਆਰ ਬੜੇ ਨੇ!

ਉਂਜ ਬਦੀ ਨੂੰ ਭੰਡਦੇ ਸਾਰੇ
ਦਾਅ ਲੱਗੇ ਤਈਆਰ ਬੜੇ ਨੇ।

# ਗ਼ਜ਼ਲ

ਨਿੱਤ ਭੁਲੇਖੇ ਪੈਂਦੇ ਆਉਂਦੇ ਯਾਰਾਂ ਦੇ।
ਦਿਲ ਪਿਆ ਲੋਚੇ ਓਹ ਦਿਨ ਫੇਰ ਬਹਾਰਾਂ ਦੇ।

ਮੈਂ ਫੁੱਲਾਂ ਨੂੰ ਫੁੱਲਾਂ ਵਾਂਗਰ ਰੱਖਿਆ ਸੀ
ਉਹ ਵੀ ਮੈਨੂੰ ਡੰਗਦੇ ਵਾਂਗਰ ਖ਼ਾਰਾਂ ਦੇ।

ਤੂੰ ਕਹਿੰਦੀ ਮੈਂ ਪਿਆਰ ਹੀ ਤੈਨੂੰ ਕਰਦੀ ਹਾਂ
ਅਸਲ ਅਸੂਲ ਨਾ ਜਾਣੇ ਉੱਕਾ ਪਿਆਰਾਂ ਦੇ।

ਮੈਂ ਤਾਂ ਰੱਬ ਨੂੰ ਮੈਅਖਾਨੇ ਵਿਚ ਤੱਕਿਆ ਸੀ
ਮੱਥੇ ਕੀਕਣ ਰਗੜਾਂ ਦਰੀਂ ਮਜ਼ਾਰਾਂ ਦੇ?

ਬੁੱਤ ਜੇ ਤੇਰਾ ਰੱਬ ਹੈ ਤਾਂ ਸਸਤਾ ਬਾਹਲਾ
ਇਹ ਤਾਂ ਵਿਕਦਾ ਫਿਰਦੈ ਵਿਚ ਬਜ਼ਾਰਾਂ ਦੇ।

ਟੁੱਟੀ ਸਾਈਕਲ ਵਾਲੇ ਕਾਮੇ ਦਾ ਛਿੰਦੜਾ
ਸੁਪਨੇ ਕੀਕਣ ਲੈ ਸਕਦਾ ਹੈ ਕਾਰਾਂ ਦੇ?

# ਗ਼ਜ਼ਲ

ਦਿਲ ਨੇ ਇੱਕ ਇੱਕ ਗ਼ਮ ਨੂੰ ਨਹੀਂ ਭੁਲਾਇਆ ਏ।
ਪਿੱਛੇ ਜਦ ਵੀ ਤੱਕਿਆ ਚੇਤਾ ਆਇਆ ਏ।

ਯਾਦ ਤੇਰੀ ਦੀ ਪੌਣ ਨੇ ਲੋਰੀ ਦਿੱਤੀ ਏ
ਜਾਗਿਆ ਜਦ ਵੀ ਇਸ ਨੇ ਫੇਰ ਸੁਲਾਇਆ ਏ।

ਉਪਰੋ ਥੱਲੀਂ ਦਰਦਾਂ ਦੇ ਅੰਬਾਰ ਪਏ
ਕਿਹੜਾ ਆਪਣਾ ਪਤਾ ਨੀ ਕੌਣ ਪਰਾਇਆ ਏ!

ਅੱਧੋਂ ਵੱਧ ਹੈ ਲੰਘੀ ਥੋੜ੍ਹੀ ਬਾਕੀ ਹੈ
ਦੇ ਦੇ ਗ਼ਮ ਜੋ ਦੇਣਾ ਅਜੇ ਬਕਾਇਆ ਏ।

ਜਿਹੜੇ ਸ਼ਿਅਰ 'ਚ ਤੇਰੀ ਜਫ਼ਾ ਦਾ ਵਰਨਣ ਹੈ
ਓਸ ਸ਼ਿਅਰ ਨੂੰ ਲੋਕਾਂ ਬੜਾ ਸਰਾਹਿਆ ਏ।

ਨਾ ਜਾ, ਅੱਜ ਦੀ ਰਾਤ ਮਿਲਣ ਦੀ ਬਾਕੀ ਹੈ
ਰੁਕ ਜਾਵੇਗਾ ਵਕਤ ਮੈਂ ਅੱਜ ਮਨਾਇਆ ਏ।

ਚੰਦ ਕੁ ਗ਼ਜ਼ਲਾਂ ਦੋ-ਤਿੰਨ ਗੀਤ ਰੁਬਾਈਆਂ ਨੇ
ਪੰਡ ਗ਼ਮਾਂ ਦੀ ਇਹ ਮੇਰਾ ਸਰਮਾਇਆ ਏ।

ਜਦ ਦਾ ਤੈਥੋਂ ਦੂਰ ਹੋ ਗਿਆਂ ਲਗਦਾ ਏ
ਦਿਲ ਨੂੰ ਅੱਧ ਵਿਚਕਾਰੋਂ ਚੀਰਾ ਆਇਆ ਏ।

# ਗ਼ਜ਼ਲ

ਕਲਮਾਂ ਵਾਲਿਓ ਕਲਮਾਂ ਤਿੱਖੀਆਂ ਰੱਖਿਆ ਜੇ!
ਅੱਖਾਂ ਵਾਲਿਓ ਅੱਖਾਂ ਖੁੱਲ੍ਹੀਆਂ ਰੱਖਿਆ ਜੇ!

ਨ੍ਹੇਰਾ ਬੇਸ਼ਕ ਜਰੇ ਨਾ ਜਰੇ ਸੱਚ ਕਹੋ
ਸ਼ਮ੍ਹਾਦਾਨ ਦੀਆਂ ਰੀਝਾਂ ਜੀਂਦੀਆਂ ਰੱਖਿਆ ਜੇ!

ਫੇਰ ਵੀ ਆ ਸਕਦਾ ਹੈ ਨਫ਼ਰਤ ਦਾ ਸੈਲਾਬ
ਲਾਗੇ ਸਾਂਝੀਆਂ ਚੱਪੂ-ਬੇੜੀਆਂ ਰੱਖਿਆ ਜੇ!

ਜਾਤਾਂ ਨਸਲਾਂ ਧਰਮਾਂ ਵਾਲੇ ਟੋਕੇ ਤੋਂ
ਬਚ ਰਹਿਓ ਤੇ ਸਦਾ ਦੂਰੀਆਂ ਰੱਖਿਆ ਜੇ!

ਰੱਖ ਤਲੀਆਂ ’ਤੇ ਮੋਮਬੱਤੀਆਂ ਕਰੋ ਯਤਨ
ਹਮਸਾਇਆਂ ਲਈ ਅੱਡੀਆਂ ਉੱਚੀਆਂ ਰੱਖਿਆ ਜੇ!

# .ਗ਼ਜ਼ਲ

ਰੌਲਾ ਪਾਉਣ ਨੂੰ ਕਾਹਲੇ ਲੋਕ।
ਸੱਚ ਨਾ ਸਮਝਣ ਬਾਹਲੇ ਲੋਕ।

ਇੱਕ ਵਾਰੀ ਜੇ ਛਿੜ ਜਾਵਣ
ਜਾਣ ਨਾ ਫੇਰ ਸੰਭਾਲੇ ਲੋਕ।

ਰੱਬ ਦੀ ਗੋਲਕ ਖ਼ਤਰਾ ਹੈ
ਲਾ ਕੇ ਰੱਖਣ ਤਾਲੇ ਲੋਕ।

ਬੇਬਸ ਤੇ ਬੇਜਾਨ ਪਏ
ਸਿਆਸਤ ਨੇ ਉਧਾਲੇ ਲੋਕ।

ਸੋਚ ਦਾ ਦੀਵਾ ਬਾਲਣ ਨਾ
ਬੰਨਿਆਂ ਕਰਨ ਉਜਾਲੇ ਲੋਕ।

ਕੰਮੀਆਂ ਦਾ ਹੱਕ ਨਿੱਤ ਮਾਰਨ
ਮੌਜਾਂ ਕਰਦੇ ਲਾਲੇ ਲੋਕ।

ਪੈਸੇ ਦੇ ਜੈ ਕਰਵਾਉਂਦੇ
ਨੇਤਾਵਾਂ ਨੇ ਪਾਲੇ ਲੋਕ।

ਬਾਬਿਆਂ ਨੇ ਲੁੱਟ-ਪੁੱਟ ਲੀਤੇ
ਅਨਪੜ੍ਹ ਭੋਲੇ-ਭਾਲੇ ਲੋਕ।

ਦੇਵੀ ਦੀ ਪੂਜਾ ਕਰਦੇ
ਕੁੜੀਆਂ ਮਾਰਨ ਵਾਲੇ ਲੋਕ।

# ਗ਼ਜ਼ਲ

ਜੇਠ ਹਾੜ੍ਹ ਜਿਹੀ ਗਰਮੀ ਗਰਮ ਹਵਾਵਾਂ ਨੇ।
ਠੰਢਕ ਦਿੱਤੀ ਦੇਸ ਦੀਆਂ ਪੁਰਵਾਵਾਂ ਨੇ।

ਘਰ ਤੋਂ ਬੈਠਾ ਦੂਰ ਨਿੱਘਰਦਾ ਜਾਂਦਾ ਸਾਂ
ਜ਼ਿੰਦਾ ਰੱਖਿਆ ਘਰ ਪਰਤਣ ਦੇ ਚਾਵਾਂ ਨੇ।

ਘਰ ਤੋਂ ਵੱਸਦੇ ਦੂਰ ਵੇ ਪੁੱਤਰੋ ਘੁੱਗ ਵੱਸੋ
ਹਰ ਪਲ ਏਹੋ ਅਰਜ਼ ਗੁਜ਼ਾਰੀ ਮਾਵਾਂ ਨੇ।

ਪੀ.ਆਰ. ਕੀਹ ਟੀ.ਆਰ. ਓਹ ਕੀ ਸਮਝਣ
ਮਿਲਣਾ ਲੋਚਣ ਮਾਵਾਂ ਆਖਰ ਮਾਵਾਂ ਨੇ!

ਮੈਂ ਹਾਂ ਬਿਲਕੁਲ ਠੀਕ ਤੂੰ ਬਾਪੂ ਚਿੰਤਾ ਛੱਡ
ਮੇਰੇ ਨਾਲ ਜੋ ਮਾਂ-ਪਿਉ ਦੀਆਂ ਦੁਆਵਾਂ ਨੇ।

# .ਗ਼ਜ਼ਲ

ਸੱਜਣ ਮੇਰਾ ਨਾਲ ਨਹੀਂ ਹੈ।
ਮੇਰਾ ਚੰਗਾ ਹਾਲ ਨਹੀਂ ਹੇ।

ਜਿਸ ਦੇ ਪੱਲੇ ਮਾਲ ਨਹੀਂ ਹੈ
ਉਸ ਦਾ ਮੁੱਖੜਾ ਲਾਲ ਨਹੀਂ ਹੈ।

ਪੱਲੇ ਨੇ ਪਾ ’ਤੇ ਸਭ ਪੜ੍ਹਨੇ
ਹੁਣ ਖ਼ੋਤੇ ਗਲ ਲਾਲ ਨਹੀਂ ਹੈ।

ਸੱਚ ਇਕੱਲਾ ਜਰਦੈ ਮਾਰਾਂ
ਕੋਈ ਬਣਦਾ ਢਾਲ ਨਹੀਂ ਹੈ।

ਗਲੀ ਮੋੜ ਤੇ ਸੰਤ ਬੜੇ ਨੇ
ਹਰ ਕੋਈ ਸੀਚੇਵਾਲ ਨਹੀਂ ਹੈ।

ਚੋਣਾਂ ਸਿਰ ਨੇ ਚੰਗਾ ਲਗਦੈ
ਉਂਜ ਇਹ ਵੱਖਰਾ ਸਾਲ ਨਹੀਂ ਹੈ।

ਨੇਤਾ ਅਰਬਾਂ ਖਰਬਾਂ ਵਾਲੇ
ਰਾਮ ਦੇਵ (ਵੀ) ਕੰਗਾਲ ਨਹੀਂ ਹੈ।

# ਗ਼ਜ਼ਲ

ਵੇਖੀ ਜਾਹ ਪਰ ਛੇੜੀਂ ਨਾ!
ਬਖ਼ੀਆ ਕੋਈ ਉਧੇੜੀਂ ਨਾ!

ਲੱਛਮੀ ਲਈ ਦਰਵਾਜਾ ਖੋਲ੍ਹ
ਚੋਣਾਂ ਵਿਚ ਦਰ ਭੇੜੀਂ ਨਾ!

ਝੂਠ ਹੀ ਪਲਦੈ ਝੂਠ ਹੀ ਫਲਦੈ
ਸੱਚ ਦਾ ਪੰਗਾ ਸਹੇੜੀਂ ਨਾ!

ਬਣ ਬਾਬਾ ਤੇ ਰੱਜ ਕੇ ਖਾਹ
ਭੁੱਖ ਦਾ ਨਲਕਾ ਗੇੜ੍ਹੀਂ ਨਾ!

ਮੌਜ ਪਾਖੰਡੀ ਕਰਦੇ ਨੇ
ਤਰਕਸ਼ੀਲਤਾ ਰੇਹੜੀਂ ਨਾ।

## ਗ਼ਜ਼ਲ

ਜੀਵਨ ਦੀ ਬੱਸ ਇਕੋ ਪਾਰੀ।
ਕੌਣ ਆਊਟ, ਕੱਲ੍ਹ ਕਿਸ ਦੀ ਵਾਰੀ?

ਜੀਂਦੇ ਜੀ ਓਵਰ ਨਹੀਂ ਮੁੱਕਦੇ
ਬੋਲਡ ਹੋਣ 'ਤੇ ਮੁੱਕਦੀ ਪਾਰੀ।

ਆਇਆ ਕੱਲਾ ਤੁਰਿਆ ਕੱਲਾ
ਅੱਜ ਮੋਇਆ ਕੱਲ੍ਹ ਦੂਈ ਦਿਹਾੜੀ।

ਬੱਲੇ-ਬਾਜ਼ੀ ਵਾਂਗ ਪਤਾ ਨਹੀਂ
ਕੌਣ ਗਿਆ ਕਦ ਕਿਸ ਦੀ ਵਾਰੀ!

ਚੰਗੇ ਬੱਲੇ-ਬਾਜ਼ ਵਾਂਗਰਾਂ
ਕਰ ਕੇ ਰੱਖੋ ਸਦਾ ਤਿਆਰੀ।

# ਗ਼ਜ਼ਲ

ਸਾਨੂੰ ਮਿਲੇ ਤੁਸੀਂ ਮਿੱਤਰਾਂ ਪਿਆਰਿਆਂ ਦੇ ਵਾਂਗ
ਉਡ-ਪੁੱਡ ਗਏ ਗ਼ੈਸ ਦੇ ਗੁਬਾਰਿਆਂ ਦੇ ਵਾਂਗ।

ਸਾਡੀ ਬਦ-ਦੁਆ ਤੁਹਾਨੂੰ ਬੀਕਾਸੋਲ ਵਾਂਗ ਲੱਗੀ
ਅਸੀਂ ਧੋਖਾ ਖਾਧਾ ਸੁੱਕ ਗਏ ਛੁਹਾਰਿਆਂ ਦੇ ਵਾਂਗ।

ਤੈਨੂੰ ਮਿਲਿਆ ਹਮੇਸ਼ ਨਵਾਂ ਕਦਰਦਾਨ ਚੰਨਾ
ਸਾਨੂੰ ਮਿਲੀ ਨਹੀਓਂ ਢੋਈ ਟੁੱਟੇ ਤਾਰਿਆਂ ਦੇ ਵਾਂਗ।

ਤੁਸੀਂ ਜਦੋਂ ਵੀ ਬੁਲਾਇਆ, ਅਸੀਂ ਪਿਆਰ ਨਾਲ ਬੋਲੇ
ਤੁਸੀਂ ਪੈਂਦੇ ਸਦਾ ਉੱਖੜੇ ਕੁਹਾੜਿਆਂ ਦੇ ਵਾਂਗ।

ਤੇਰਾ ਇਸ਼ਕ ਏ ਕੱਚਾ ਕੱਚੀ ਨੌਕਰੀ ਦੇ ਵਾਂਗ
ਤੇਰੇ ਵਾਦੇ ਝੂਠੇ ਲੀਡਰਾਂ ਦੇ ਲਾਰਿਆਂ ਦੇ ਵਾਂਗ।

ਆਉਣ ਵਾਲੀਆਂ ਜੋ ਔਕੜਾਂ ਦਾ ਝੋਰਾ ਖਾਈ ਜਾਂਦੈ
'ਸੱਗੂ' ਜ਼ਿੰਦਗੀ ਏ ਭੰਗ ਦੇ ਹੁਲਾਰਿਆਂ ਦੇ ਵਾਂਗ।

# ਗ਼ਜ਼ਲ

ਕਰਦੇ ਲੋਕ ਭਰੋਸਾ ਅੱਜ ਵੀ ਯਾਰੀ ਦਾ।
ਮਾਣ ਹੈ ਸਾਨੂੰ ਏਸੇ ਚੀਜ਼ ਪਿਆਰੀ ਦਾ।

ਤੂੰ ਕਹਿੰਦਾ ਦੁਨੀਆਂ 'ਤੇ ਸਭ ਕੁਝ ਝੂਠਾ ਹੈ
ਨਹੀਂ ਪਤਾ ਪਰ ਤੈਨੂੰ ਇਸ਼ਕ ਖ਼ੁਮਾਰੀ ਦਾ।

ਬੰਦਾ ਮਰਦੈ ਜਦ ਜ਼ਮੀਰ ਹੈ ਸੌਂ ਜਾਂਦਾ
ਜਾਗਿਆ ਰਹੇ ਜ਼ਮੀਰ, ਕਦੇ ਨੀ ਹਾਰੀਦਾ।

ਮੈਂ ਸ਼ਾਇਰ ਹਾਂ ਏਹੋ ਮਿਰੀ ਅਮੀਰੀ ਹੈ
ਮਾਂ ਬੋਲੀ ਨੂੰ ਸ਼ਿਅਰਾਂ ਨਾਲ ਸ਼ਿੰਗਾਰੀਦਾ।

# ਗ਼ਜ਼ਲ

ਸੋਚੋਂ ਜਿਹੜੇ ਬੌਣੇ ਲੋਕ।
ਹੁੰਦੇ ਬੜੇ ਡਰਾਉਣੇ ਲੋਕ।

ਰੱਬ ਨੂੰ ਲੱਭੀ ਜਾਂਦੇ ਅੱਜ ਵੀ
ਲੱਗਦੇ ਬੜੇ ਹਸਾਉਣੇ ਲੋਕ।

ਚੋਰ ਤਾਂ ਚੋਰੀ ਕਰੂ ਹੀ ਜੇਕਰ
ਲੰਮੀਆਂ ਤਾਣ ਕੇ ਸੌਣੇ ਲੋਕ।

ਮੇਰੇ ਕੰਮ ਜੋ ਆਉਂਦੇ ਨੇ ਨਿੱਤ
ਮੈਨੂੰ ਆਪੇ ਭਾਉਣੇ ਲੋਕ।

ਓਹੀ ਲੀਡਰ ਕਰਨ ਤਰੱਕੀ
ਜੀਹਨਾਂ ਨੇ ਮਰਵਾਉਣੇ ਲੋਕ।

'ਸੱਗੂ' ਇਹ ਬਲਵਾਨ ਬੜੇ ਸੀ
ਨਸ਼ਿਆਂ ਕਰ 'ਤੇ ਬੌਣੇ ਲੋਕ।

# .ਗ਼ਜ਼ਲ

ਔਂਕੜਾਂ ਤੇ ਮੁਸ਼ਕਲਾਂ ਵਿਚ ਮੁਸਕਰਾਈਏ ਦੋਸਤੋ!
ਜ਼ਿੰਦਗੀ ਦੇ ਗੀਤ ਨੂੰ ਬਸ ਗਾਈ ਜਾਈਏ ਦੋਸਤੋ!

ਐਟਮੀ ਬੰਬਾਂ ਬਾਰੂਦੀ ਸੁਰੰਗਾਂ ਦੀ ਲੋੜ ਨਾ
ਪਿਆਰ ਵਾਲੀ ਖਾਦ ਧਰਤੀ 'ਤੇ ਵਿਛਾਈਏ ਦੋਸਤੋ!

ਦਾਨ-ਪੁੰਨ ਦੀ ਸੂਚੀ ਅੰਦਰ ਆਓ ਇੱਕ ਕਰ ਲਈਏ ਸੋਧ
ਅੰਗ ਦਾਨ ਤੇ ਖ਼ੂਨ ਦਾਨ ਦੀ ਪਿਰਤ ਪਾਈਏ ਦੋਸਤੋ!

ਇਹ ਹੈ ਯੁੱਗ ਵਿਗਿਆਨ ਦਾ ਹੈ ਨਾ ਕਿ ਠੱਗੇ ਜਾਣ ਦਾ
ਬਾਬਿਆਂ ਸਾਧਾਂ ਨੂੰ ਠੱਗੀਆਂ ਤੋਂ ਹਟਾਈਏ ਦੋਸਤੋ!

ਵਧ ਰਹੀ ਆਬਾਦੀ ਸਦਕਾ ਵਧਦੀਆਂ ਨੇ ਮੁਸ਼ਕਿਲਾਂ
ਇਹ ਤਾਂ ਸਾਡੇ ਵੱਸ ਹੈ ਫਿਰ ਕਿਓਂ ਵਧਾਈਏ ਦੋਸਤੋ?

ਅਮਨ ਦੀ ਘੁੱਗੀ ਦੇ ਲਈ ਅੱਧੀ ਕੁ ਮੁੱਠ ਦਾਣੇ ਬੜੇ
ਜੰਗ ਦੇ ਬਘਿਆੜ ਨੂੰ ਕਾਹਤੋਂ ਰਜਾਈਏ ਦੋਸਤੋ?

# ਗ਼ਜ਼ਲ

ਜੋ ਵੰਡ ਲੈਂਦਾ ਧਾਅ ਕੇ ਭਾਰ ਮਨੁੱਖਤਾ ਦਾ।
ਓਹੀ ਹੁੰਦਾ ਸੱਚਾ ਯਾਰ ਮਨੁੱਖਤਾ ਦਾ।

ਸੰਤ ਜੇ ਹੋਵੇ ਸੇਵਾ ਸਿੰਘ ਜਾਂ ਸੀਚੇਵਾਲ
ਮਿਲਦਾ ਹੈ ਤਾਂ ਹੀ ਸਤਕਾਰ ਮਨੁੱਖਤਾ ਦਾ।

ਕੱਟੇ ਰੁੱਖ ਜਾਂ ਮਾਰੇ ਧੀਆਂ ਅੰਦਰ ਕੁੱਖ
ਕੌਣ ਹੈ ਇਸ ਤੋਂ ਵੱਧ ਗੱਦਾਰ ਮਨੁੱਖਤਾ ਦਾ?

ਧੀਆਂ ਨੂੰ ਦੇਣਾ ਤਾਂ ਦੇ ਦਿਓ ਵਿਦਿਆ ਦਾਨ
ਬਦਲੇਗਾ ਈਕਣ ਮਿਆਰ ਮਨੁੱਖਤਾ ਦਾ।

ਜਲਵਾਯੂ ਤੇ ਆਲ-ਦੁਆਲਾ ਸਾਂਭ ਲਵੋ
ਜੇ ਕਰਦੇ ਸੱਚ-ਮੁੱਚ ਸਤਕਾਰ ਮਨੁੱਖਤਾ ਦਾ।

ਕੁਦਰਤ ਦੀ ਸੰਭਾਲ ਦੀ ਖ਼ਾਤਰ ਲੜਦਾ ਜੋ
ਉਹੀ ਹੈ ਸੱਚਾ ਸਰਦਾਰ ਮਨੁੱਖਤਾ ਦਾ।

# .ਗ਼ਜ਼ਲ

ਹਰ ਦਿਲ ਝੂਮ ਝੂਮ ਕੇ ਗਾਵੇ, ਐਸਾ ਯਤਨ ਕਰੋ!
ਟੁੱਟਿਆ ਹਰ ਇਕ ਦਿਲ ਜੁੜ ਜਾਵੇ ਐਸਾ ਯਤਨ ਕਰੋ!

ਕਿਰਤੀ ਡੱਬਾ ਰੋਟੀ ਵਾਲਾ ਲੈ ਨਿੱਤ ਕੰਮ ਨੂੰ ਜਾਵੇ
ਨਿੱਤ ਹੀ ਥੈਲਾ ਭਰ ਲਿਆਵੇ, ਐਸਾ ਯਤਨ ਕਰੋ।

ਦੀਵਾਲੀ ਨੂੰ ਬਾਲੋ ਦੀਵੇ, ਛੱਡੋ ਭੂੰਡ ਪਟਾਕੇ
ਨ੍ਹੇਰਾ ਕੱਟੜਤਾ ਦਾ ਜਾਵੇ, ਐਸਾ ਯਤਨ ਕਰੋ।

ਲੋਹੜੀ ਦੇ ਭੁੱਗੇ ਵਿਚ ਫੁੱਲੇ, ਸੁੱਟੋ ਤਿਲ ਵੀ ਸਾੜੋ
ਭ੍ਰਿਸ਼ਟਾਚਾਰ ਵੀ ਸੜ ਬਲ ਜਾਵੇ, ਐਸਾ ਯਤਨ ਕਰੋ।

ਬਣਨੇ ਨਹੀਂ ਹੁਣ ਸਾਰੇ ਅਫਸਰ, ਨਹੀਂ ਨੌਕਰੀ ਮਿਲਣੀ
ਵਿਦਿਆ ਪਰ ਇਨਸਾਨ ਬਣਾਵੇ, ਐਸਾ ਯਤਨ ਕਰੋ।

# ਗ਼ਜ਼ਲ

ਹੁੰਦੇ ਨੇ ਦਿਲਦਾਰ ਪੰਜਾਬੀ।
ਹਨ ਯਾਰਾਂ ਦੇ ਯਾਰ ਪੰਜਾਬੀ।

ਜਿੱਥੇ ਜਾਵਣ ਕਰਨ ਮੁਸ਼ੱਕਤ
ਪਾਉਂਦੇ ਨੇ ਸਤਕਾਰ ਪੰਜਾਬੀ।

ਅੰਨ ਦਾ ਸੰਕਟ ਆਉਣ ਨਾ ਦੇਂਦੇ
ਲਾ ਦੇਂਦੇ ਅੰਬਾਰ ਪੰਜਾਬੀ।

ਦੁਸ਼ਮਣ ਨੂੰ ਭਾਜੜ ਪੈ ਜਾਂਦੀ
ਜਦ ਦੇਵੇ ਲਲਕਾਰ ਪੰਜਾਬੀ।

ਸਰਹੱਦ ਨੂੰ ਖ਼ਤਰਾ ਨਹੀਂ ਕੋਈ
ਜੇ ਹੈ ਪਹਿਰੇਦਾਰ ਪੰਜਾਬੀ।

# ਗ਼ਜ਼ਲ

ਦਿਲ ਦੀ ਜੋਤ ਜਗਾਈ ਰੱਖ!
ਪਿਆਰ ਦੀ ਅੱਗ ਮਚਾਈ ਰੱਖ!

ਪਿਆਰ ਵਫ਼ਾ ਨੂੰ ਚੇਤੇ ਰੱਖ
ਨਫ਼ਰਤ ਦਿਲੋਂ ਭੁਲਾਈ ਰੱਖ!

ਵੱਡਿਆਂ ਦਾ ਸਤਕਾਰ ਨਾ ਭੁੱਲ
ਨਿੱਕਿਆਂ ਲਈ ਨਰਮਾਈ ਰੱਖ!

ਕੰਮ ਹੀ ਪੂਜਾ ਭਗਤੀ ਹੈ
ਏਸੇ ਵਿਚ ਚਿਤ ਲਾਈ ਰੱਖ।

ਨਸ਼ਿਆਂ ਦੇ ਨੇੜੇ ਨਾ ਢੁੱਕ
ਸਿਹਤ ਨੂੰ ਜੱਫੀ ਪਾਈ ਰੱਖ।

ਝੂਠ ਦੀ ਗਲੋਂ ਪੰਜਾਲੀ ਲਾਹ
ਸੱਚ ਨੂੰ ਕੁੰਡੀ ਪਾਈ ਰੱਖ।

# .ਗ਼ਜ਼ਲ

ਤੂੰ ਸੱਜਣੀ ਮੁਸਕਾ ਕੇ ਜਿਸ ਦਿਨ ਮੇਰੇ ਨਾਲ ਮਿਲਾਏ ਨੈਣ।
ਇਨ੍ਹਾਂ ਤੰਗਦਿਲ ਲੋਕਾਂ ਤਦ ਤੋਂ ਸਾਡੇ ਪਿੱਛੇ ਲਾਏ ਲੈਣ।

ਕੀ ਓਹ ਮੰਜ਼ਰ ਸੀ ਦਿਲਖਿਚਵਾਂ, ਚੱਲੇ ਤੀਰ ਨਿਗਾਹਾਂ ਦੇ
ਦੋ ਦਿਲ ਮਿਲ ਕੇ ਇੱਕੋ ਹੋਏ, ਜਦ ਤੂੰ ਚਾਰ ਬਣਾਏ ਨੈਣ।

ਤੂੰ ਡਰ ਗਈ ਦੁਨੀਆਂ ਤੋਂ ਸੱਜਣੀ, ਮੇਰੇ ਵਿਚ ਤਾਂ ਹਿੰਮਤ ਸੀ
ਮੈਂ ਕੱਲਾ ਐਪਰ ਕੀ ਕਰਦਾ ਤੂੰ ਹੀ ਜਦੋਂ ਚੁਰਾਏ ਨੈਣ?

ਤੂੰ ਜੇ ਹੱਸ ਕੇ ਬੋਲੀ ਸੱਜਣੀ, ਇਸ ਕੰਮ ਦਾ ਨਜ਼ਰਾਨਾ ਲੈ
ਲੈ ਇੱਕ .ਗ਼ਜ਼ਲ ਹੈ ਤੇਰੇ ਨਾਂ ਵੀ, ਬੇਸ਼ਕ ਤੂੰ ਬਚਾਏ ਨੈਣ।

ਨਾ ਰੋਂਦਾ ਮੈਂ ਉਕਾ ਸੱਜਣੀ, ਹੱਸ ਜੇ ਤੂੰ ਵਿਦਾ ਕਰਦੀ
ਤੇਰੀਆਂ ਅੱਖਾਂ ਵਿਚ ਤਰਲਾ ਸੀ, ਮੇਰੇ ਵੀ ਭਰ ਆਏ ਨੈਣ।

# ਗ਼ਜ਼ਲ

ਮੈਨੂੰ ਯਾਰਾਂ 'ਤੇ ਨਹੀਂ ਕੋਈ ਗਿਲਾ।
ਮੈਨੂੰ ਧੋਖਾ ਦਿਲ ਮੇਰਾ ਹੀ ਦੇ ਰਿਹਾ।

ਜੀ ਰਿਹਾ ਹੈ ਪਤਾ ਨਹੀਂ ਪਰ ਲੱਗਦਾ
ਕਿਸ ਤਮੰਨਾ ਦੇ ਸਹਾਰੇ ਜੀ ਰਿਹਾ!

ਤੇਰੇ ਆਖੇ ਪਿਆਰ ਨੂੰ ਮੈਂ ਪੂਜਿਆ
ਤਾਹੀਂਓਂ ਹਾਂ ਬੇਕਾਰ ਹੋ ਕੇ ਰਹਿ ਗਿਆ।

ਪੀਣ ਦਾ ਕੀ ਜੀਣ ਦਾ ਵੀ ਹੱਜ ਨਾ
ਜਦ ਤੋਂ ਮੈਯਖਾਨੇ ਦਾ ਸਾਕੀ ਬਦਲਿਆ।

ਤਰਲੇ ਕੀਤੇ ਹੰਝੂ ਭਰ ਮੈਂ ਨੈਣਾਂ ਵਿਚ
ਮੰਨਿਆ ਨਾ ਯਾਰ ਛੱਡ ਕੇ ਤੁਰ ਗਿਆ।